Excellence in Agri Info
KHETI DUNIYAN, PATIALA

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

# ਖੇਤੀ ਦੁਨੀਆਂ

Rs.10/-

All Subject to Patiala Jurisdiction.

www.khetiduniyan.in

Editor : Jagpreet Singh • RNI/42269/83 • Issue Dated 27-04-2024 • Vol.42 No.17 • Ph. : 0175-2214575, 90410-14575 • Page : 16 | E-mail : khetiduniyan1983@gmail.com



# ਪੀ.ਆਰ.-126 ਅਤੇ ਪੀ.ਆਰ.-131 ਝੋਨੇ ਦੀਆਂ ਕਿਸਮਾਂ ਪੰਜਾਬ ਲਈ ਵਰਦਾਨ

ਪੰਜਾਬ ਵਿੱਚ 30.0 ਲੱਖ ਹੈਕਟੇਅਰ ਤੋਂ ਵੱਧ ਰਕਬੇ ਵਿਚ ਝੋਨੇ ਦੀ ਕਾਸ਼ਤ ਕੀਤੀ ਜਾ ਰਹੀ ਹੈ। ਮੁਲਕ ਵਿਚ ਸਭ ਤੋਂ ਵੱਧ ਉਤਪਾਦਕਤਾ ਵਾਲਾ ਇਹ ਸੂਬਾ ਹਰ ਸਾਲ ਕੇਂਦਰੀ ਪੂਲ ਵਿਚ 20% ਤੋਂ ਵੱਧ ਝੋਨੇ ਦਾ ਯੋਗਦਾਨ ਪਾਉਂਦਾ ਹੈ ਅਤੇ ਦੇਸ਼ ਦੀ ਭੋਜਨ ਸੁਰੱਖਿਆ ਵਿਚ ਮੁੱਖ ਭੂਮਿਕਾ ਨਿਭਾ ਰਿਹਾ ਹੈ। ਪਾਣੀ ਦੀ ਵੱਧ ਵਰਤੋਂ ਹੋਣ ਕਰਕੇ ਝੋਨੇ ਦੀ ਕਾਸ਼ਤ ਸੂਬੇ ਦੇ ਉਪਲਬਧ ਜਲ ਸਰੋਤਾਂ ਲਈ ਗੰਭੀਰ ਖਤਰਾ ਪੈਦਾ ਕਰਦੀ ਹੈ। ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਬਹੁਤ ਤੇਜ਼ੀ ਨਾਲ ਹੇਠਾਂ ਜਾ ਰਿਹਾ ਹੈ ਅਤੇ ਪੰਜਾਬ ਦੇ ਲਗਭਗ 80% ਰਕਬੇ ਵਿੱਚੋਂ ਲੋੜ ਤੋਂ ਵੱਧ ਪਾਣੀ ਧਰਤੀ ਹੇਠੋਂ ਕੱਢਿਆ ਜਾ ਰਿਹਾ ਹੈ। ਝੋਨੇ ਦੀਆਂ ਲੰਮਾਂ ਸਮਾਂ ਲੈਣ ਵਾਲੀਆਂ ਕਿਸਮਾਂ ਦੀਆਂ ਅਗੇਤੀ ਲੁਆਈ ਨੂੰ ਸੂਬੇ ਵਿਚ ਪਾਣੀ ਦਾ ਪੱਧਰ ਡਿੱਗਣ ਦਾ ਇੱਕ ਵੱਡਾ ਕਾਰਨ ਮੰਨਿਆ ਜਾਂਦਾ ਹੈ। 2009 ਵਿਚ 'ਪੰਜਾਬ ਪ੍ਰੀਜ਼ਰਵੇਸ਼ਨ ਆਫ ਸਬ-ਸੋਇਲ ਵਾਟਰ ਐਕਟ' ਦੇ ਲਾਗੂ ਹੋਣ ਦੇ ਨਤੀਜੇ ਵਜੋਂ 2008-2014 ਦੌਰਾਨ ਭੂਮੀਗਤ ਪਾਣੀ ਦੀ ਗਿਰਾਵਟ ਘਟ ਕੇ 50 ਸੈਂਟੀਮੀਟਰ ਪ੍ਰਤੀ ਸਾਲ ਰਹਿ ਗਈ ਜੋ ਕਿ ਸਾਲ 2000-2008 ਦੌਰਾਨ 85 ਸੈਂਟੀਮੀਟਰ ਸਲਾਨਾ ਸੀ। ਮੁਲਕ ਦੀਆਂ ਅਨਾਜ ਲੋੜਾਂ ਦੀ ਪੂਰਤੀ ਅਤੇ ਕੁਦਰਤੀ ਸਰੋਤਾਂ ਦੀ ਸੂਝ-ਬੂਝ ਨਾਲ ਵਰਤੋਂ ਕਰਨ ਦੇ ਸੰਦਰਭ ਵਿੱਚ ਘੱਟ ਪਾਣੀ ਅਤੇ ਘੱਟ ਖਰਚੇ ਨਾਲ ਜ਼ਿਆਦਾ ਝਾੜ ਦੇਣ ਵਾਲੀਆਂ ਤਕਨੀਕਾਂ ਨੂੰ ਅਪਣਾਉਣ ਦੀ ਲੋੜ ਹੈ। ਅਜਿਹੀਆਂ ਤਕਨੀਕਾਂ ਤਹਿਤ ਘੱਟ ਸਮੇਂ ਵਿਚ ਪੱਕਣ ਵਾਲੀਆਂ ਕਿਸਮਾਂ (ਜਿਵੇਂ ਕਿ ਪੀ. ਆਰ. 126, ਪੀ. ਆਰ. 131 ਆਦਿ) ਅਤੇ ਉਹਨਾਂ ਲਈ ਸਿਫਾਰਿਸ਼ ਕਾਸ਼ਤਕਾਰੀ ਢੰਗਾਂ ਦੀ ਇੰਨ-ਬਿੰਨ ਪਾਲਣਾ ਅਹਿਮ ਯੋਗਦਾਨ ਪਾ ਸਕਦੀਆਂ ਹਨ।

ਸੰਨ 2013 ਤੋਂ 2022 ਤੱਕ ਪੀ ਏ ਯੂ, ਲੁਧਿਆਣਾ ਨੇ ਪਰਮਲ ਝੋਨੇ ਦੀਆਂ 11 ਕਿਸਮਾਂ ਦੀ ਸਿਫਾਰਸ਼ ਕੀਤੀ ਹੈ, ਜਿਨ੍ਹਾਂ ਵਿੱਚ ਪੀ. ਆਰ. 121, ਪੀ. ਆਰ. 122, ਪੀ. ਆਰ. 126, ਪੀ. ਆਰ. 128 ਅਤੇ ਪੀ. ਆਰ. 131 ਪ੍ਰਮੁੱਖ ਹਨ। ਸਾਉਣੀ 2012 ਦੌਰਾਨ ਗੈਰ-ਬਾਸਮਤੀ ਸ਼੍ਰੇਣੀ ਵਿਚ 39.0 ਪ੍ਰਤੀਸ਼ਤ ਰਕਬਾ ਲੰਮੀ ਮਿਆਦ ਦੀਆਂ ਕਿਸਮਾਂ (ਜਿਵੇਂ ਕਿ ਪੂਸਾ 44, ਪੀ ਆਰ 118 ਆਦਿ) ਅਧੀਨ ਸੀ ਜਦ ਕਿ 'ਪੀ. ਆਰ' ਕਿਸਮਾਂ ਅਧੀਨ 33.0 ਪ੍ਰਤੀਸ਼ਤ ਰਕਬਾ ਸੀ। ਘੱਟ ਸਮੇਂ ਦੀ ਮਿਆਦ, ਜ਼ਿਆਦਾ ਝਾੜ, ਰੋਗ ਰੋਧਕ ਅਤੇ ਬਿਹਤਰ ਮਿਲਿੰਗ ਗੁਣਵੱਤਾ ਵਾਲੀਆਂ ਪੀ. ਆਰ. ਕਿਸਮਾਂ ਜਿਵੇਂ ਕਿ ਪੀ. ਆਰ. 121, ਪੀ. ਆਰ. 126, ਪੀ. ਆਰ. 128 ਅਤੇ ਪੀ. ਆਰ. 131 ਦੇ ਜਾਰੀ ਹੋਣ ਕਾਰਨ ਸੰਨ 2023 ਦੌਰਾਨ ਘੱਟ ਤੋਂ ਦਰਮਿਆਨੀ ਮਿਆਦ ਵਾਲੀਆਂ ਕਿਸਮਾਂ ਦਾ ਰਕਬਾ ਵੱਧ ਕੇ 70.0 ਪ੍ਰਤੀਸ਼ਤ ਹੋ ਗਿਆ। ਸੰਨ 2023 ਦੌਰਾਨ ਪੀ. ਆਰ. 126 ਸਭ ਤੋਂ ਹਰਮਨ ਪਿਆਰੀ ਕਿਸਮ ਰਹੀ ਜੋ ਕਿ ਲਗਭਗ 33% ਰਕਬੇ ਉੱਪਰ ਬੀਜੀ ਗਈ।

ਮੌਜੂਦਾ ਸੀਜ਼ਨ ਦੌਰਾਨ ਪੀ. ਆਰ. 126, ਪੀ. ਆਰ. 128 ਅਤੇ ਪੀ. ਆਰ. 131 ਕਿਸਮਾਂ ਕਿਸਾਨਾਂ ਲਈ ਮੁੱਖ ਆਕਰਸ਼ਣ ਹਨ, ਇਹ ਬੀਜਣ ਤੋਂ ਬਾਅਦ ਕ੍ਰਮਵਾਰ 93 ਅਤੇ 110 ਦਿਨਾਂ ਵਿਚ ਪੱਕ ਜਾਂਦੀਆਂ ਹਨ।



ਨਵੀਆਂ ਵਿਕਸਤ ਕਿਸਮਾਂ ਦੀ ਵੱਧ ਉਤਪਾਦਕਤਾ ਲਈ ਮੇਲ ਖਾਂਦੀਆਂ ਉਤਪਾਦਨ ਤਕਨੀਕਾਂ (ਲੁਆਈ ਵੇਲੇ ਪਨੀਰੀ ਦੀ ਸਹੀ ਉਮਰ, ਖਾਦ ਦੀ ਵਰਤੋਂ ਦੀ ਸਮਾਂ-ਸਾਰਣੀ ਅਤੇ ਲੁਆਈ ਦੀ ਮਿਤੀ) ਨੂੰ ਵੀ ਵਿਕਸਿਤ ਕੀਤਾ ਗਿਆ ਹੈ। ਇਹਨਾਂ ਕਿਸਮਾਂ (ਪੀ. ਆਰ. 126, ਅਤੇ ਪੀ. ਆਰ. 131) ਦੀ ਲੁਆਈ ਦੇ ਸਮੇਂ ਦਾ ਸਿੰਚਾਈ ਵਾਲੇ ਪਾਣੀ ਤੇ ਅਸਰ ਸੰਬੰਧੀ ਤਜ਼ਰਬਿਆਂ ਦੇ ਉਤਸ਼ਾਹ ਜਨਕ ਨਤੀਜੇ ਮਿਲੇ ਹਨ ਅਤੇ ਮੱਧਮ ਮਿਆਦ ਵਾਲੀਆਂ ਕਿਸਮ ਦੀ 15 ਜੂਨ ਤੋਂ ਬਾਅਦ ਲੁਆਈ ਕਰਨ ਨਾਲ ਸਿੰਚਾਈ ਵਾਲੇ ਪਾਣੀ ਵਿਚ ਮਹੱਤਵਪੂਰਨ ਬੱਚਤ ਹੁੰਦੀ ਹੈ। ਘੱਟ ਤੋਂ ਦਰਮਿਆਨਾ ਸਮਾਂ ਅਤੇ ਲੰਮਾ ਸਮਾਂ (ਪੂਸਾ-44) ਲੈਣ ਵਾਲੀਆਂ ਕਿਸਮਾਂ ਦੇ ਵਿਚਕਾਰ ਅੰਕੜਿਆਂ ਦੀ ਤੁਲਨਾ ਨੇ ਕ੍ਰਮਵਾਰ 9 ਸਿੰਚਾਈਆਂ (35 ਸੈਂਟੀਮੀਟਰ) ਅਤੇ 5 ਸਿੰਚਾਈਆਂ (20 ਸੈਂਟੀਮੀਟਰ) ਦੇ ਬਰਾਬਰ ਪਾਣੀ ਦੀ ਬੱਚਤ ਦਰਸਾਈ।

'ਪੀ ਆਰ' ਕਿਸਮਾਂ ਹੇਠ ਰਕਬਾ ਵਧਣ ਕਾਰਨ ਪੰਜਾਬ ਵਿਚ ਪਿਛਲੇ ਸਾਲਾਂ ਦੌਰਾਨ ਝੋਨੇ ਦੀ ਭਰਪੂਰ ਪੈਦਾਵਾਰ ਹੋਈ ਹੈ। ਸਾਉਣੀ 2023 ਦੇ ਦੌਰਾਨ ਪੰਜਾਬ ਨੇ 6744 ਕਿਲੋਗ੍ਰਾਮ/ਹੈਕਟੇਅਰ ਦਾ ਸਭ ਤੋਂ ਵੱਧ ਝੋਨੇ ਦੀ ਉਤਪਾਦਕਤਾ ਦਾ ਪੱਧਰ ਦਰਜ ਕੀਤਾ ਹੈ। ਇਹ ਪਿਛਲੇ ਅੰਕੜਿਆਂ ਨੂੰ ਪਛਾੜਦਾ ਹੈ, ਜੋ ਕਿ 2020 ਦੌਰਨ 6543 ਕਿਲੋਗ੍ਰਾਮ/ਹੈਕਟੇਅਰ ਸੀ। ਪਿਛਲੇ ਪੰਜ ਸਾਲਾਂ (2014-17, 2023) ਵਿੱਚ ਘੱਟ ਬਾਰਿਸ਼ ਦੇ ਬਾਵਜੂਦ, ਮੱਧਮ ਘੱਟ ਤੋਂ ਦਰਮਿਆਨਾ ਸਮਾਂ ਲੈਣ ਵਾਲੀਆਂ ਕਿਸਮਾਂ ਨੇ ਯਕੀਨੀ ਤੌਰ 'ਤੇ ਜਲ ਸਰੋਤਾਂ ਦੀ ਸੰਭਾਲ ਵਿਚ ਯੋਗਦਾਨ ਪਾਇਆ ਹੈ। ਦਰਮਿਆਨਾ ਸਮਾਂ ਲੈਣ ਵਾਲੀਆਂ ਕਿਸਮਾਂ ਦੀ 25 ਜੂਨ-10 ਜੁਲਾਈ ਦੇ ਆਸ-ਪਾਸ ਲੁਆਈ ਕਰਨਾ ਉਤਪਾਦਕਤਾ ਅਤੇ ਪਾਣੀ ਦੀ ਬੱਚਤ ਦੇ ਲਿਹਾਜ਼ ਨਾਲ ਇਕ ਵਧੀਆ ਵਿਕਲਪ ਹੋਵੇਗਾ। ਇਹਨਾਂ ਤਰੀਕਾਂ ਤੇ ਲੁਆਈ ਕਰਨ ਨਾਲ ਝੋਨੇ ਦੀ ਕਟਾਈ ਅਤੇ ਹਾੜ੍ਹੀ ਦੀਆਂ ਅਗਲੀਆਂ ਫਸਲਾਂ ਦੀ ਬਿਜਾਈ ਦੇ ਵਿਚਕਾਰ ਕਾਫੀ ਸਮਾਂ ਵੀ ਮਿਲ ਜਾਂਦਾ ਹੈ।

ਘੱਟ ਸਮੇਂ ਵਿਚ ਵੱਧ ਝਾੜ ਦੇਣ ਵਾਲੀਆਂ ਕਿਸਮਾਂ, ਪੀ. ਆਰ. 126 ਅਤੇ ਪੀ. ਆਰ. 131 ਜੋ ਕਿ ਕ੍ਰਮਵਾਰ 2017 ਅਤੇ 2022 ਵਿਚ ਜਾਰੀ ਕੀਤੀਆਂ, ਲੰਮੀ ਮਿਆਦ ਵਾਲੀਆਂ ਕਿਸਮਾਂ (ਪੂਸਾ 44, ਪੀਲੀ ਪੂਸਾ ਅਤੇ ਪੀ ਆਰ 118) ਨਾਲੋਂ ਲਗਭਗ 3-4 ਹਫਤੇ ਘੱਟ ਲੈਂਦੀਆਂ ਹਨ। ਘੱਟ ਸਮੇਂ ਵਿਚ ਪੱਕਣ ਕਰਕੇ ਇਹ ਕਿਸਮਾਂ ਕੀੜੇ-ਮਕੌੜੇ/ਬਿਮਾਰੀਆਂ ਅਤੇ ਮੌਸਮੀ ਤਬਦੀਲੀਆਂ ਆਦਿ ਦੇ ਅਸਰ ਤੋਂ ਵੀ ਬਚ ਜਾਂਦੀਆਂ ਹਨ। ਇਹਨਾਂ ਕਿਸਮਾਂ ਦੀ ਪਰਾਲੀ ਘੱਟ ਹੋਣ ਕਾਰਨ, ਇਸਤੋਂ ਉਪਰੰਤ ਹਾੜ੍ਹੀ ਦੀਆਂ ਫਸਲਾਂ ਦੀ ਬਿਜਾਈ ਵੀ ਸੌਖੀ ਅਤੇ ਸਮੇਂ ਸਿਰ ਹੋ ਜਾਂਦੀ ਹੈ ਅਤੇ ਇਸ ਲਈ ਕਣਕ ਵਿਚ ਨਦੀਨਾਂ ਦੀ ਸਮੱਸਿਆ ਵੀ ਘੱਟ ਹੁੰਦੀ ਹੈ।

---

# ਤੇਲਬੀਜ ਪ੍ਰੋਸੈਸਿੰਗ

## ਸਵੈ-ਮੰਡੀਕਰਨ ਵੱਲ ਇਕ ਕਦਮ

**ਰਮਨਦੀਪ ਕੌਰ ਅਤੇ ਅਮਨਦੀਪ ਸਿੰਘ ਬਰਾੜ,**
ਕ੍ਰਿਸ਼ੀ ਵਿਗਿਆਨ ਕੇਂਦਰ, ਮੋਗਾ (ਮੋ. 95307-63086)

**ਪੰਜਾਬ ਵਿਚ ਕਣਕ, ਝੋਨਾ, ਨਰਮਾ, ਦਾਲਾਂ ਗੰਨੇ ਦੀਆਂ ਫਸਲਾਂ ਦੇ ਨਾਲ ਨਾਲ ਤੇਲ ਫਸਲਾਂ ਦੇ ਉਤਪਾਦਨ ਲਈ ਅਨੁਕੂਲ ਸਥਿਤੀਆਂ ਹਨ। ਇਹਨਾਂ ਵਿਚੋਂ ਮੁੱਖ ਤੌਰ 'ਤੇ ਤੋਰੀਆ, ਰਾਇਆ ਗੋਭੀ ਸਰ੍ਹੋਂ ਤੋਂ ਇਲਾਵਾ ਮੂੰਗਫਲੀ, ਸੂਰਜਮੁਖੀ ਅਤੇ ਸੋਇਆਬੀਨ ਖਾਣ ਯੋਗ ਤੇਲ ਉਤਪਾਦ ਲਈ ਉਗਾਈਆਂ ਜਾਣ ਵਾਲੀਆਂ ਫਸਲਾਂ ਹਨ। ਇਹਨਾਂ ਵਿਚੋਂ ਸਰ੍ਹੋਂ ਵਧੇਰੇ ਪੈਦਾ ਕੀਤਾ ਜਾਣ ਵਾਲੀ ਫਸਲ ਹੈ। ਜੇਕਰ ਉਤਪਾਦਨ ਦੇ ਨਾਲ-ਨਾਲ ਇਸ ਦੀ ਪ੍ਰੋਸੈਸਿੰਗ ਵੱਲ ਅਸੀਂ ਧਿਆਨ ਦੇਈਏ ਤਾਂ ਇਹ ਦੁੱਗਣੀ ਆਮਦਨ ਦਾ ਸਰੋਤ ਸਾਬਤ ਹੋ ਸਕਦਾ ਹੈ।**

ਤੇਲ ਮਿੱਲ ਪਲਾਂਟ ਜਾਂ ਕੋਹਲੂ ਤੇ ਕਿੱਤੇ ਨੂੰ ਚਲਾਉਣਾ ਬਹੁਤ ਅਸਾਨ ਹੈ ਕਿਉਂਕਿ ਇਸ ਲਈ ਕੋਈ ਬਹੁਤ ਵੱਡੇ ਕਾਰਖਾਨੇ ਜਾਂ ਮਸ਼ੀਨਾਂ ਦੀ ਜ਼ਰੂਰਤ ਨਹੀਂ ਹੁੰਦੀ। ਸਿਰਫ, ਤੁਹਾਨੂੰ ਪ੍ਰਕਿਰਿਆ ਨੂੰ ਚੰਗੀ ਤਰ੍ਹਾਂ ਸਮਝਣ ਦੀ ਲੋੜ ਹੈ। ਵਧੀਆ ਬੁਨਿਆਦੀ ਢਾਂਚਾ, ਸਹੀ ਯੋਜਨਾ, ਮਸ਼ੀਨਾਂ ਦੀ ਵਰਤੋਂ ਅਤੇ ਸਾਂਭ ਸੰਭਾਲ ਅਤੇ ਲੋੜੀਂਦੇ ਸਮਾਨ ਨਾਲ ਸਰ੍ਹੋਂ ਦੇ ਪਲਾਂਟ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸਥਾਪਤ ਕਰਨਾ ਆਸਾਨ ਹੈ। ਇਸ ਦੇ ਲਈ ਹੇਠ ਲਿਖੀਆਂ ਗੱਲਾਂ ਦੀ ਨਿਸ਼ਚਿਤ ਤੌਰ ਤੇ ਜਾਣਕਾਰੀ ਹੋਣੀ ਜ਼ਰੂਰੀ ਹੈ।

**ਢੁੱਕਵੀਂ ਜਗ੍ਹਾ** : ਪਲਾਂਟ ਲਗਾਉਣ ਵਾਲੀ ਅਜਿਹੀ ਜਗ੍ਹਾ ਦੀ ਚੋਣ ਕੀਤੀ ਜਾਵੇ ਜਿੱਥੋਂ ਕੱਚੇ ਮਾਲ ਦੀ ਉਪਲੱਬਧਤਾ ਆਸਾਨ ਹੋਵੇ ਅਤੇ ਜਿੱਥੋਂ ਮੰਡੀਕਰਨ ਕਰਨਾ ਆਸਾਨ ਅਤੇ ਢੋਆ ਢੁਆਈ ਸੌਖੀ ਹੋਵੇ।

**ਯੋਜਨਾ ਤਿਆਰ ਕਰਨਾ** : ਬੀਜਾਂ ਦੀ ਪ੍ਰੋਸੈਸਿੰਗ, ਸਾਫ ਕਰਨਾ, ਬੋਤਲ ਭਰਨਾ ਅਤੇ ਟਰਾਂਸਪੋਰਟ ਕਰਨਾ ਕੁਝ ਮਹੱਤਵਪੂਰਨ ਕਦਮ ਹਨ। ਇੱਕ ਵਾਰ ਜਦੋਂ ਅਸੀਂ ਯੋਜਨਾ ਤਿਆਰ ਕਰ ਲੈਂਦੇ ਹਾਂ ਫਿਰ ਆਸਾਨੀ ਨਾਲ ਲਾਭ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

**ਮਸ਼ੀਨਰੀ ਦੀ ਖਰੀਦ** : ਘੱਟ ਬੱਜਟ ਵਾਲੇ ਕਾਰੋਬਾਰੀ ਵੀ ਆਸਾਨੀ ਨਾਲ ਇਸ ਪਲਾਂਟ ਨੂੰ ਲਗਾ ਸਕਦੇ ਹਨ ਕਿਉਂਕਿ ਇਸ ਵਿਚ ਵਰਤੀ ਜਾਣ ਵਾਲੀ ਮਸ਼ੀਨਰੀ, ਆਮ ਭਾਸ਼ਾ ਵਿਚ ਕਿਹਾ ਜਾਣ ਵਾਲਾ ਕੋਹਲੂ (ਪਿੜਾਈ ਵਾਲੀ ਮਸ਼ੀਨ) ਤੇਲ ਸਾਫ ਕਰਨ ਲਈ ਫਿਲਟਰ ਅਤੇ ਲੋੜ ਮੁਤਾਬਿਕ ਬੋਤਲ ਪੈਕਿੰਗ ਦੀ ਮਸ਼ੀਨ ਦੀ ਹੀ ਜ਼ਰੂਰਤ ਹੁੰਦੀ ਹੈ। ਇਹਨਾਂ ਮਸ਼ੀਨਾਂ ਦੀ ਖਰੀਦ ਮਾਨਤਾ ਪ੍ਰਾਪਤ ਮਸ਼ੀਨਰੀ ਸਪਲਾਇਰਾਂ ਤੋਂ ਕਰਨੀ ਚਾਹੀਦੀ ਹੈ। ਕੋਹਲੂ ਜਾਂ ਤੇਲ ਅਕਸਪੈਲਰ ਦੀ ਖਰੀਦ 100 ਕਿਲੋ/ਘੰਟਾ ਦੀ ਸਮਰੱਥਾ ਤੋਂ ਲੈਕੇ ਵੱਧ ਤੋਂ ਵੱਧ ਕੱਚੇ ਮਾਲ ਦੀ ਉਪਲੱਬਧਤਾ ਦੇ ਹਿਸਾਬ ਨਾਲ ਕੀਤੀ ਜਾ ਸਕਦੀ ਹੈ। ਜਿਸ ਦੀ ਲਾਗਤ ਤਕਰੀਬਨ 3,00,000 ਰੁਪਏ (1.0 ਤੋਂ 1.5 ਕੁਇੰਟਲ/ਘੰਟਾ) ਤੋਂ ਸ਼ੁਰੂ ਹੋ ਕੇ ਸਮਰੱਥਾ ਦੇ ਹਿਸਾਬ ਨਾਲ ਵੱਧਦੀ ਹੈ। ਇਸ ਤੋਂ ਉਪਰੰਤ ਫਿਲਟਰ ਪ੍ਰੈਸ ਉੱਪਰ ਲਗਭਗ 60,000 ਰੁਪਏ ਦਾ ਖਰਚਾ ਆਉਂਦਾ ਹੈ। ਜੇਕਰ ਸਾਡਾ ਪਲਾਂਟ ਜ਼ਿਆਦਾ ਸਮਰੱਥਾ ਵਾਲਾ ਤਾਂ ਬੋਤਲ ਪੈਕਿੰਗ ਦੀ ਮਸ਼ੀਨ ਘੱਟ ਤੋਂ ਘੱਟ ਮੁੱਲ 80,000 ਰੁਪਏ ਤੋਂ ਸ਼ੁਰੂ ਕਰਕੇ ਲੋੜ ਮੁਤਾਬਕ ਖਰੀਦ ਕੀਤੀ ਜਾ ਸਕਦੀ ਹੈ। ਇਸ ਤੋਂ ਭਾਵ ਕਿ ਜੇਕਰ ਅਸੀਂ 1.5 ਕੁਇੰਟਲ/ਘੰਟਾ ਦੀ ਸਮਰੱਥਾ ਵਾਲਾ ਪਲਾਂਟ ਲਗਾਉਂਦੇ ਹਾਂ ਤਾਂ ਕੁੱਲ ਮਸ਼ੀਨੀ ਖਰਚਾ ਪੰਜ ਲੱਖ ਦੇ ਕਰੀਬ ਆਉਂਦਾ ਹੈ।

**ਤੇਲ ਬੀਜਾਂ ਦੀ ਪ੍ਰੋਸੈਸਿੰਗ ਦੇ ਢੰਗ ਲਈ ਜ਼ਰੂਰੀ ਨੁਕਤੇ** : ਤੇਲ ਬੀਜਾਂ ਦੀ ਚੋਣ ਜਾਂ ਖਰੀਦ ਕਰਨ ਤੋਂ ਬਾਅਦ ਅਗਲਾ ਕਦਮ ਉਹਨਾਂ ਦੀ ਗੁਣਵੱਤਾ ਦੀ ਜਾਂਚ ਕਰਨਾ ਹੈ। ਜਿਵੇਂ ਕਿ ਉਸ ਵਿਚ ਨਮੀ ਦੀ ਜਾਂਚ, ਰੰਗ ਦੀ ਜਾਂਚ, ਅਸ਼ੁੱਧਤਾ ਟੈਸਟ ਬੀਜ ਦੇ ਮਿਆਰ ਨੂੰ ਨਿਰਧਾਰਤ



ਕਰਨ ਦੀਆਂ ਕੁਝ ਪ੍ਰੀਖਿਆਵਾਂ ਹਨ। ਇਸ ਤੋਂ ਉਪਰੰਤ ਬੀਜਾਂ ਵਿਚੋਂ ਪੱਥਰ, ਧੂੜ ਅਤੇ ਹੋਰ ਫੂਸ ਕਣਾਂ ਨੂੰ ਹਟਾਉਣ ਲਈ ਬੀਜ ਦੀ ਸਫਾਈ ਜ਼ਰੂਰੀ ਹੈ। ਕੋਹਲੂ ਜਾਂ ਐਸਪੈਲਰ ਵਿਚ ਪਿੜਾਈ ਕੀਤੇ ਜਾਣ ਵਾਲੇ ਬੀਜਾਂ ਵਿਚ ਨਮੀ 9-14 ਪ੍ਰਤੀਸ਼ਤ ਤੱਕ ਢੁੱਕਵੀਂ ਮੰਨੀ ਜਾਂਦੀ ਹੈ। ਤੇਲ ਬੀਜ ਤੋਂ ਵੱਧ ਤੋਂ ਵੱਧ ਤੇਲ ਪ੍ਰਾਪਤੀ ਲਈ ਪਹਿਲਾਂ ਬੀਜ ਨੂੰ ਮਸ਼ੀਨ ਵਿਚੋਂ ਲੰਘਾਇਆ ਜਾਂਦਾ ਹੈ, ਫੇਰ ਮਸ਼ੀਨ ਦੇ ਸਕਰੂਅ ਦੀ ਚੂੜੀ ਕੱਸ ਕੇ ਖੱਲ ਦੇ ਦੋ ਪਾਸ ਦਿੱਤੇ ਜਾਂਦੇ ਹਨ। ਜਿਸ ਨਾਲ ਤਕਰੀਬਨ ਤੀਜਾ ਹਿੱਸਾ ਤੇਲ ਦੀ ਪ੍ਰਾਪਤੀ ਹੁੰਦੀ ਹੈ। ਪ੍ਰਾਪਤ ਹੋਏ ਤੇਲ ਨੂੰ 24 ਘੰਟੇ ਰੱਖਣ ਨਾਲ ਉਸ ਵਿਚਲੀ ਮੈਲ ਹੇਠਾਂ ਬੈਠ ਜਾਂਦੀ ਹੈ। ਤੇਲ ਸਾਫ ਅਤੇ ਸਥਿਰ ਹੋ ਜਾਂਦਾ ਹੈ।

**ਐਗਮਾਰਕ ਦੇ ਪ੍ਰਮਾਣੀਕਰਨ ਦੀ ਜ਼ਰੂਰਤ** : ਭਾਰਤ ਸਰਕਾਰ ਦੁਆਰਾ ਗੁਣਵੱਤਾ ਦੀ ਤਸਦੀਕ 'ਐਗਮਾਰਕ' ਦੁਆਰਾ ਕੀਤੀ ਜਾਂਦੀ ਹੈ ਜੋ ਕਿ ਪ੍ਰਮਾਣਤਾ ਦਾ ਪ੍ਰਤੀਕ ਹੈ। ਇਹ ਇੱਕ ਵਧੀਆ ਗੁਣਵੱਤਾ ਦਾ ਚਿੰਨ੍ਹ ਹੈ ਅਤੇ ਖੇਤੀਬਾੜੀ ਦੇ ਉਤਪਾਦਾਂ ਦੀ ਸ਼ੁੱਧਤਾ ਦੀ ਗਰੰਟੀ ਦਿੰਦਾ ਹੈ। ਇਸ ਨਾਲ ਉਤਪਾਦਕ ਅਤੇ ਖਪਤਕਾਰਾਂ ਵਿਚ ਵਿਸ਼ਵਾਸ ਕਾਇਮ ਹੁੰਦਾ ਹੈ ਅਤੇ ਵਸਤੂਆਂ ਦੇ ਮੰਡੀਕਰਨ ਵਿਚ ਆਸਾਨੀ ਹੁੰਦੀ ਹੈ।

**ਐਗਮਾਰਕ ਕਿਵੇਂ ਪ੍ਰਾਪਤ ਕਰਨਾ ਹੈ** : ਪੰਜਾਬ ਵਿਚ ਸਥਾਪਿਤ ਤਿੰਨ ਪ੍ਰਯੋਗਸ਼ਾਲਾ ਲੁਧਿਆਣਾ, ਅੰਮ੍ਰਿਤਸਰ, ਮੋਗਾ ਵਿਚ ਤੇਲ ਉਤਪਾਦਕ ਤੇਲ ਦੇ ਨਮੂਨੇ ਲੈ ਜਾ ਕੇ ਰਸਾਇਣਕ ਅਧਿਐਨ ਕਰਵਾ ਸਕਦੇ ਹਨ। ਇਸ ਦੀ ਫੀਸ 10,000 ਰੁਪਏ ਦੇ ਕਰੀਬ ਹੁੰਦੀ ਹੈ। ਐਗਮਾਰਕ ਪ੍ਰਾਪਤ ਕਰਨ ਲਈ ਪ੍ਰਯੋਗਸ਼ਾਲਾ ਤੋਂ ਸਹਿਮਤੀ ਪੱਤਰ, ਇਮਾਰਤੀ ਨਕਸ਼ਾ (ਜੇਕਰ ਕਿਰਾਏ ਤੇ ਹੈ ਤਾਂ ਮਾਲਕ ਤੋਂ ਇਤਰਾਜ ਨਹੀਂ ਸਰਟੀਫਿਕੇਟ) ਹਲਫਨਾਮਾ, ਬੈਂਕ ਸਰਟੀਫਿਕੇਟ (ਬੈਂਕ ਦਾ ਫਰਮ ਨਾਲ ਕੰਮ ਕਰਨ ਬਾਰੇ), ਐਗਮਾਰਕ ਨਾਲ ਲਿਖਿਆ ਟਰੇਡ ਬ੍ਰਾਂਡ ਲੇਬਲ ਦਾ ਨਮੂਨਾ ਇਸਦੀ ਸਟੈਂਪ ਦੀ ਵਰਤੋਂ ਲਈ ਉਪਕਰਨ ਅਤੇ ਮਾਰਕੀਟਿੰਗ ਅਫਸਰ ਦੁਆਰਾ ਜਾਂਚ ਰਿਪੋਰਟ ਦੀ ਜ਼ਰੂਰਤ ਹੁੰਦੀ ਹੈ।

# ਨਰਮੇ ਵਿੱਚ ਗੁਲਾਬੀ ਸੁੰਡੀ ਦਾ ਸਰਵਪੱਖੀ ਕੀਟ ਪ੍ਰਬੰਧ

**ਗੁਲਾਬੀ ਸੁੰਡੀ ਦਾ ਜੀਵਨ ਚੱਕਰ, ਨੁਕਸਾਨ ਦੇ ਲੱਛਣਾਂ ਅਤੇ ਕੈਰੀਓਵਰ ਬਾਰੇ ਗਿਆ ਇਸ ਦੇ ਟਿਕਾਊ ਪ੍ਰਬੰਧਨ ਲਈ ਇਕ ਮਹੱਤਵਪੂਰਨ ਲੋੜ ਹੈ । ਇਸ ਲੇਖ ਵਿਚ ਗੁਲਾਬੀ ਸੁੰਡੀ ਦਾ ਜੀਵਨ ਚੱਕਰ, ਨੁਕਸਾਨ ਚਿੰਨ ਅਤੇ ਬੀ ਟੀ ਨਰਮੇ ਵਿਚ ਗੁਲਾਬੀ ਸੁੰਡੀ ਦੀ ਬੇਮੌਸਮੀ ਰੋਕਥਾਮ ਸੰਬੰਧੀ ਜ਼ਰੂਰੀ ਨੁਕਤੇ ਦੱਸੇ ਗਏ ਹਨ ।**





ਵਿਜੈ ਕੁਮਾਰ, ਅਮਨਦੀਪ ਕੌਰ ਅਤੇ ਜਸਰੀਤ ਕੌਰ, ਕੀਟ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 97794-51214)

## ਗੁਲਾਬੀ ਸੁੰਡੀ

**ਜੀਵਨ ਚੱਕਰ** : ਆਂਡੇ ਸ਼ੁਰੂ ਵਿੱਚ ਚਿੱਟੇ ਤੇ ਬਾਅਦ ਵਿਚ ਸੰਤਰੀ ਰੰਗ ਦੇ ਹੋ ਜਾਂਦੇ ਹਨ । ਅੰਡਿਆਂ ਵਿਚੋਂ 3-4 ਦਿਨਾਂ ਤੋਂ ਬਾਅਦ ਸੁੰਡੀ ਨਿਕਲ ਆਉਂਦੀ ਹੈ । ਨਵ-ਜੰਮੀਆਂ ਸੁੰਡੀਆਂ ਚਿੱਟੇ ਰੰਗ ਦੀਆਂ ਅਤੇ ਉਹਨਾਂ ਦੇ ਸਿਰ ਕਾਲੇ ਰੰਗ ਦੇ ਹੁੰਦੇ ਹਨ । ਪੂਰੀ ਪਲ ਜਾਣ ਤੇ ਸੁੰਡੀ 10 ਤੋਂ 12 ਮਿਲੀਮੀਟਰ ਹੋ ਜਾਂਦੀ ਹੈ ਅਤੇ ਪੇਟ ਦੇ ਹਰ ਉੱਪਰਲੇ ਭਾਗ ਉੱਤੇ ਗੁਲਾਬੀ ਰੰਗ ਦੀ ਗੂੜੀ ਪੱਟੀ ਦਿਖਾਈ ਦਿੰਦੀ ਹੈ । ਸ਼ੁਰੂਆਤੀ ਹਾਲਤ ਵਿੱਚ ਸੁੰਡੀ ਫੁੱਲ ਖਾਂਦੀ ਹੈ ਬਾਅਦ ਵਿਚ ਟੀਡਿਆਂ ਵਿਚ ਵੜ ਕੇ ਅੰਦਰੋਂ ਬੀਜ ਖਾਂਦੀ ਹੈ । ਸੁੰਡੀ 10 ਤੋਂ 14 ਦਿਨ ਤੱਕ ਟੀਡਿਆਂ ਵਿੱਚ ਪਲਦੀ ਹੈ । ਇਸ ਕੀੜੇ ਦਾ ਕੋਆ (ਟੂਟੀਆਂ) ਦੀ ਅਵਸਥਾ 7 ਤੋਂ 10 ਦਿਨ ਦੀ ਹੁੰਦੀ ਹੈ । ਇਸ ਕੀੜੇ ਦੇ ਪਤੰਗੇ ਗੂੜੇ ਖਾਕੀ ਰੰਗ ਦੇ ਹੁੰਦੇ ਹਨ ਅਤੇ ਪਿਛਲੇ ਖੰਭ ਦੀਆਂ ਕੰਨੀਆਂ ਉੱਪਰ ਲੰਮੇ-ਲੰਮੇ ਵਾਲਾਂ ਦੀ ਝਾਲਰ ਬਣੀ ਨਜ਼ਰ ਆਉਂਦੀ ਹੈ ।

**ਨੁਕਸਾਨ ਦੇ ਚਿੰਨ੍ਹ** : ਜੰਮਣ ਤੋਂ ਦੋ ਦਿਨਾਂ ਦੇ ਅੰਦਰ ਛੋਟੀ ਸੁੰਡੀ ਫੁੱਲਾਂ ਜਾਂ ਛੋਟੇ ਟੀਡਿਆਂ ਵਿਚ ਵੜ ਜਾਂਦੀ ਹੈ । ਸੁੰਡੀ ਜ਼ਿਆਦਾਤਰ ਬਣ ਰਹੇ ਬੀਜ ਨੂੰ ਖਾਣਾ ਪਸੰਦ ਕਰਦੀ ਹੈ ਅਤੇ ਪਿਊਪੇ ਦੀ ਅਵਸਥਾ ਬੀਜ ਜਾਂ ਟੀਡੇ ਵਿਚ ਗੁਜਾਰਦੀ ਹੈ । ਬਾਅਦ ਵਿਚ ਹਮਲੇ ਵਾਲੇ ਟੀਡਿਆਂ ਦੀ ਰੂੰ ਨੂੰ ਉੱਲੀ ਲੱਗ ਜਾਂਦੀ ਹੈ । ਸੁੰਡੀ ਫੁੱਲ ਡੋਡੀਆਂ, ਫੁੱਲਾਂ ਅਤੇ ਟੀਡਿਆਂ ਦਾ ਨੁਕਸਾਨ ਕਰਦੀ ਹੈ । ਹਮਲੇ ਵਾਲੇ ਫੁੱਲ ਭੰਬੀਰੀਆਂ ਬਣ ਜਾਂਦੇ ਹਨ, ਜਿਨ੍ਹਾਂ ਵਿਚ ਪ੍ਰਾਗਣ ਨਾਲ ਲਥਪਥ ਗੁਲਾਬੀ ਸੁੰਡੀਆਂ ਪਈਆਂ ਨਜ਼ਰ ਆਉਂਦੀਆਂ ਹਨ । ਛੋਟੇ ਟੀਡੇ ਤੇ ਡੋਡੀਆਂ ਕਈ ਵਾਰ ਹਮਲੇ ਕਾਰਨ ਝੜ ਵੀ ਜਾਂਦੇ ਹਨ । ਸੁੰਡੀਆਂ ਟੀਡੇ ਦੇ ਵਿਚ ਬਣ ਰਹੇ ਬੀਜਾਂ ਨੂੰ ਖਾਂਦੀਆਂ ਹਨ, ਜਿਸ ਕਰਕੇ ਟੀਡੇ ਵਿਚ ਬਣ ਰਹੀ ਰੂੰ ਵੀ ਖਰਾਬ ਹੋ ਜਾਂਦੀ ਹੈ । ਹਮਲੇ ਵਾਲੇ ਟੀਡੇ ਗਲ ਜਾਂਦੇ ਹਨ ਤੇ ਰੂੰ ਵੀ ਦਾਗੀ ਹੋ ਜਾਂਦੀ ਹੈ । ਹਮਲੇ ਵਾਲੇ ਟੀਡੇ ਪੂਰੀ ਤਰ੍ਹਾਂ ਖਿੜਦੇ ਵੀ ਨਹੀਂ । ਸਰਦੀ ਦੇ ਮੌਸਮ ਵਿਚ ਗੁਲਾਬੀ ਸੁੰਡੀ ਦੋ ਬੀਜਾਂ ਨੂੰ ਜੋੜ ਕੇ ਉਨ੍ਹਾਂ ਵਿਚ ਸੁਸਤੀ ਦੀ ਹਾਲਤ ਵਿਚ ਪਈ ਰਹਿੰਦੀ ਹੈ । ਜੁਲਾਈ ਤੋਂ ਅਕਤੂਬਰ ਤੱਕ ਇਹ ਕੀੜਾ ਨਰਮੇ/ਕਪਾਹ ਦਾ ਜ਼ਿਆਦਾ ਨੁਕਸਾਨ ਕਰਦਾ ਹੈ ।

**ਗੁਲਾਬੀ ਸੁੰਡੀ ਦਾ ਫੈਲਾਅ** : ਗੁਲਾਬੀ ਸੁੰਡੀ ਦੇ ਹਮਲੇ ਨੂੰ ਅਗਲੇ ਸਾਲ ਠੱਲ੍ਹ ਪਾਉਣ ਲਈ ਇਸ ਦੀ ਨਾਜੁਕ ਕੜੀ ਨੂੰ ਤੋੜਨਾ ਪੈਂਦਾ ਹੈ । ਪੁਰਾਣੀ ਛਿੱਟੀਆਂ ਵਿਚ ਪਏ ਅੱਧ ਖੁੱਲ੍ਹੇ ਟੀਡਿਆਂ ਵਿਚ ਇਹ ਸੁੰਡੀ ਰਹਿੰਦੀ ਹੈ ਤੇਲ ਅਤੇ ਰੂੰ ਮਿੱਲਾਂ ਵਿਚ ਪਏ ਨਰਮੇ ਵਿਚ ਅਤੇ ਵੇਲਾਈ ਸਮੇਂ ਦੀ ਸਾਰੀ ਬੱਚ-ਖੁਚ ਵਿਚ ਵੀ ਇਹ ਸੁੰਡੀ ਪਨਪਦੀ ਹੈ । ਜਿਹੜਾ ਬੀਜ ਤੇਲ ਮਿੱਲਾਂ ਵਿਜ ਪੀੜਿਆ ਨਾ ਗਿਆ ਹੋਵੇ ਅਤੇ ਤੇਲ ਮਿੱਲਾਂ/ਰੂੰ ਮਿੱਲ੍ਹਾਂ ਵਿਚ ਪਈ ਬੀਜਾਂ ਦੇ ਭੰਡਾਰ ਵਿਚ ਵੀ ਇਹ ਸੁੰਦੀ ਪਨਪਤੀ ਹੈ । ਜੋ ਕਿ ਮੌਸਮ ਨਾਲ ਪਿਉਪਾ ਬਣ ਕੇ ਪਤੰਗੇ ਦੇ ਰੂਪ ਵਿਚ ਬਾਹਰ ਆਉਂਦੀ ਹੈ ਅਤੇ ਨਵੇਂ ਖੁੱਲ੍ਹੇ ਫੁੱਲਾਂ ਜਾਂ ਛੋਟੇ ਬਣੇ ਟੀਡਿਆਂ ਵਿਚ ਅੰਡੇ ਦੇ ਦਿੰਦੀ ਹੈ ।

**ਸਰਵਪੱਖੀ ਰੋਕਥਾਮ** : ਇਸ ਕੀੜੇ ਦਾ ਜੀਵਨ ਚੱਕਰ ਅਤੇ ਫੈਲਾਅ ਦੇ ਢੰਗਾਂ ਨੂੰ ਮੱਦੇਨਜ਼ਰ ਰੱਖਦੇ ਹੋਏ, ਪਿੰਡ ਪੱਧਰ ਤੇ ਇਕੱਠੇ ਹੋ ਕੇ ਇਸ ਦੀ ਰੋਕਥਾਮ ਕਰਨੀ ਚਾਹੀਦੀ ਹੈ । ਇਸ ਦੀ ਸੁਚੱਜੀ ਰੋਕਥਾਮ ਲਈ ਹੇਠਾਂ ਦੱਸੀ ਵਿਉਂਤਬੰਦੀ ਅਪਣਾਉਣ ਦੀ ਲੋੜ ਹੈ ।

## ਬੇ ਮੌਸਮੀ ਰੋਕਥਾਮ :

**1. ਖੇਤਾਂ ਵਿਚ ਗੁਲਾਬੀ ਸੁੰਡੀ ਦੇ ਫੈਲਾਅ ਨੂੰ ਰੋਕਣ ਲਈ ਛਿੱਟੀਆਂ ਦੀ ਸਾਂਭ ਸੰਭਾਲ**

★ ਆਖਰੀ ਚੁਣਾਈ ਤੋਂ ਬਾਅਦ ਪਸ਼ੂਆਂ ਨੂੰ ਫਸਲ ਦਾ ਬੱਚ-ਖੁਚ, ਪੱਤੇ ਅਤੇ ਅਣਖਿੜੇ ਟੀਂਡੇ ਖਾਣ ਲਈ ਕਪਾਹ ਦੇ ਖੇਤਾਂ ਵਿਚ ਛੱਡ ਦਿਓ । ਛਿਟੀਆਂ ਦੇ ਢੇਰ ਲਾਉਣ ਤੋਂ ਪਹਿਲਾਂ ਕੱਟੀਆਂ ਹੋਈਆਂ ਛਿਟੀਆਂ ਨੂੰ ਜ਼ਮੀਨ ਤੇ ਮਾਰ ਮਾਰ ਤੇ ਅਣਖਿੜੇ ਟੀਂਡੇ ਅਤੇ ਸਿੱਕਰੀਆਂ ਨੂੰ ਝਾੜ ਦਿਓ ਜਾਂ ਤੋੜ ਲਓ । ਇਸ ਤਰ੍ਹਾਂ ਇਕੱਠੀਆਂ ਹੋਈਆਂ ਸਿੱਕਰੀਆਂ ਨੂੰ ਝਾੜ ਦਿਓ ਜਾਂ ਤੋੜ ਲਓ । ਇਸ ਤਰ੍ਹਾਂ ਇਕੱਠੀਆਂ ਹੋਈਆਂ ਸਿੱਕਰੀਆਂ ਅਤੇ ਟੀਡੀਆਂ ਦੇ ਢੇਰ ਨੂੰ ਜਲਦੀ ਨਸ਼ਟ ਕਰ ਦਿਓ ।

★ ਆਖਰੀ ਚੁਗਾਈ ਤੋਂ ਬਾਅਦ ਗੁਲਾਬੀ ਸੁੰਡੀ ਦੇ ਹਮਲੇ ਵਾਲੇ ਨਰਮੇ ਦੇ ਖੇਤਾਂ ਵਿਚ ਬਚੀਆਂ ਛਿਟੀਆਂ ਨੂੰ ਸ਼ਰੈਡਰ ਦੁਆਰਾ ਖੇਤਾਂ ਵਿਚ ਵਾਹ ਦਿਓ ਤਾਂ ਜੋ ਗੁਲਾਬੀ ਸੁੰਡੀ ਨੂੰ ਠੱਲ੍ਹ ਪਾਈ ਜਾ ਸਕੇ ।

★ ਕਪਾਹ ਦੀਆਂ ਛਿਟੀਆਂ ਇਕੱਠੀਆਂ ਕਰਕੇ ਛਾਵੇਂ ਜ਼ਮੀਨ ਦੇ ਸਮਾਨੰਤਰ ਰੱਖਣ ਨਾਲ ਸੁਸਤ ਹਾਲਤ ਵਿਚ ਟੀਂਡੇ ਦੀ ਗੁਲਾਬੀ ਸੁੰਡੀ ਗਰਮੀਆਂ ਵਿਚ ਘੱਟ ਮਰਦੀ ਹੈ । ਛਿਟੀਆਂ ਨੂੰ ਵੱਢ ਕੇ ਖੇਤ ਵਿਚ ਰੱਖਣ ਨਾਲ ਇਹ ਕੀੜੇ ਬਹੁਤ ਛੇਤੀ ਫੈਲਦੇ ਹਨ । ਨਰਮੇ ਦੀਆਂ ਛਿਟੀਆਂ ਦੇ ਢੇਰ ਖੇਤ ਵਿਚ ਨਾ ਲਗਾਓ, ਸਗੋਂ ਪਿੰਡ ਵਿਚ ਲਗਾਓ । ਛਿਟੀਆਂ ਦੀਆਂ ਭਰੀਆਂ ਦੇ ਢੇਰ ਖੜ੍ਹਵੇਂ ਅਤੇ ਰੁੱਖ/ਦਰੱਖਤ ਆਦਿ ਦੀ ਛਾਂ ਤੋਂ ਪਰ੍ਹੇ ਧੁੱਪ ਵਿਚ ਲਗਾਓ ।

★ ਹਮਲੇ ਵਾਲੇ ਖੇਤਾਂ ਦੀਆਂ ਛਿਟੀਆਂ ਨੂੰ ਨਵੀਂ ਜਗ੍ਹਾਂ ਤੇ ਨਾ ਲਿਜਾਓ ।

★ ਲੈਣ ਵਾਲੀਆਂ ਤੇ ਅਗੇਤੀ ਖਿੜਨ ਵਾਲੀਆਂ ਸਿਫਾਰਸ਼ ਕੀਤੀਆਂ ਕਿਸਮਾਂ ਹੀ ਬੀਜੋ ।

★ ਨਰਮੇ ਦੀਆਂ ਛਿਟੀਆਂ ਨੂੰ ਫਰਵਰੀ ਤੱਕ ਬਾਲ ਲੈਣਾ ਚਾਹੀਦਾ ਹੈ ਜਾਂ ਖਤਮ ਕਰ ਦੇਣਾ ਚਾਹੀਦਾ ਹੈ ।

★ ਹੋ ਸਕੇ ਤਾਂ ਛਿਟੀਆਂ ਨੂੰ ਮੱਛਰਦਾਨੀ (ਬਰੀਕ ਜਾਲੀ) ਨਾਲ ਢੱਕ ਕੇ ਰੱਖੋ ਤਾਂ ਜੋ ਸਿੱਕਰੀਆਂ ਵਿਚੋਂ ਨਿਕਲਣ ਵਾਲੇ ਬਾਲਕ ਭਮੱਕੜ ਬਾਹਰ ਨਾ ਆ ਸਕਣ ।

**2. ਨਰਮਾ ਪੱਟੀ ਵਿਚ ਪੈਂਦੀਆਂ ਮਿੱਲ੍ਹਾਂ ਤੋਂ ਗੁਲਾਬੀ ਸੁੰਡੀ ਦੇ ਫੈਲਾਅ ਦੀ ਰੋਕਥਾਮ**

★ ਰੂੰ ਮਿੱਲ੍ਹਾਂ ਵਿਚ ਪਏ ਨਰਮੇਂ ਨੂੰ ਖੁੱਲ੍ਹੇ ਵਿਚ ਨਾ ਰੱਖੋ ਸਗੋਂ ਇਸ ਨੂੰ ਪੋਲੀਥੀਨ ਸ਼ੀਟ ਨਾਲ ਢੱਕ ਦਿਓ ।

★ ਮਾਰਚ ਦੇ ਅਖੀਰ ਵਿਚ ਨਰਮੇ ਨੂੰ ਵੇਲ ਲੈਣਾ ਚਾਹੀਦਾ ਹੈ ਅਤੇ ਵੇਲਾਈ ਸਮੇਂ ਦੀ ਸਾਰੀ ਬੱਖ-ਖੁਚ ਨਸ਼ਟ ਕਰ ਦਿਓ ।

★ ਜਿਹੜਾ ਬੀਜ ਤੇਲ ਮਿੱਲਾਂ

ਬਾਕੀ ਸਫਾ 6 'ਤੇ



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 42 ਅੰਕ 17
ਮਿਤੀ 27-04-2024

**ਐਡੀਟਰ**

ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**

ਏਕਤਾ ਕੰਪਿਊਟਰਜ਼, ਪਟਿਆਲਾ



**ਨੋਟ**

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor, Printer & Publisher JAGPREET SINGH
Printed at Vargenia Printers, Sher-e-Punjab Market, Gaushala Road, PATIALA &
Published at Patiala for Prop. JAGPREET SINGH


## ਪ੍ਰਦੂਸ਼ਿਤ ਪਾਣੀ, ਗੰਧਲਾ ਵਾਤਾਵਰਨ ਤੇ ਕੈਂਸਰ

# ਕਿਸ ਦਿਸ਼ਾ ਵੱਲ ਜਾ ਰਿਹਾ ਹੈ ਪੰਜਾਬ?

ਕਸ਼ਮੀਰ ਸਿੰਘ ਕਾਦੀਆਂ (ਮੋ. 78379-17054)

**ਮਨੁੱਖ ਨੇ ਆਪਣੇ ਸਵਾਰਥਾਂ ਲਈ ਜਿੱਥੇ ਵਾਤਾਵਰਨ ਸਮੇਤ ਧਰਤੀ ਹੇਠਲਾ ਪਾਣੀ, ਹਵਾ ਆਦਿ ਨੂੰ ਬੇਲੋੜੀਆਂ ਰਸਾਇਣਕ ਖਾਦਾਂ, ਸਪਰੇਆਂ ਦੀ ਵਰਤੋਂ ਕਰਕੇ ਪ੍ਰਦੂਸ਼ਿਤ ਕਰਕੇ ਜਿਥੇ ਮਨੁੱਖੀ ਜੀਵਨ ਦੀ ਹੋਂਦ ਨੂੰ ਖਤਰੇ 'ਚ ਪਾਉਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ, ਉੱਥੇ ਹੀ ਜੀਵ-ਜੰਤੂ, ਪਸ਼ੂ-ਪੰਛੀ ਆਦਿ ਦੀ ਹੋਂਦ ਨੂੰ ਵੀ ਖਤਰੇ 'ਚ ਪਾਇਆ ਜਾ ਰਿਹਾ ਹੈ। ਸਿਰਫ ਗੱਲ ਇਕੱਲੇ ਪੰਜਾਬ ਦੀ ਹੀ ਕਰ ਲਈਏ ਤਾਂ ਪਿਛਲੇ 70 ਸਾਲਾਂ ਤੋਂ ਭਾਰਤ ਦੀਆਂ ਲੋੜਾ ਸਮੇਤ ਦੁਨੀਆਂ ਦੀਆਂ ਬਹੁਕੌਮੀ ਕਾਰਪੋਰੇਸ਼ਨਾਂ ਨੂੰ ਫਾਇਦਾ ਪਹੁੰਚਾਉਣ ਲਈ ਪੰਜਾਬ ਦੇ ਲੋਕ ਹਿੱਤਾਂ ਸਮੇਤ ਵਾਤਾਵਰਨ ਨੂੰ ਵਿਕਾਸ ਦੀ ਥਾਂ ਵਿਨਾਸ਼ ਦੀ ਭੱਠੀ 'ਚ ਝੋਕਿਆ ਜਾ ਰਿਹਾ ਹੈ।**

ਫਸਲਾਂ ਦੀ ਵੱਧ ਪੈਦਾਵਾਰ ਲੈਣ ਲਈ ਉਨ੍ਹਾਂ ਉੱਤੇ ਰਸਾਇਣਕ ਖਾਦਾਂ, ਕੀਟਨਾਸ਼ਕਾਂ ਅਤੇ ਨਦੀਨਨਾਸ਼ਕਾਂ ਦੀ ਲਗਾਤਾਰ ਹੋ ਰਹੀ ਵਰਤੋਂ ਨਾਲ ਪੰਜਾਬ ਇਕ ਲੁਪਤ ਹੋਣ ਵਾਲੀ ਸੱਭਿਅਤਾ ਲੱਗਣ ਲੱਗ ਪਿਆ ਹੈ। ਪੰਜਾਬ ਦੇ ਕਈ ਪਿੰਡ ਅਜਿਹੇ ਹਨ ਜਿੱਥੇ ਪੀਣਯੋਗ ਪਾਣੀ ਨਾ ਹੋਣ ਕਾਰਨ ਪ੍ਰਦੂਸ਼ਿਤ ਪਾਣੀ ਨਾਲ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਤੇਜ਼ੀ ਨਾਲ ਫੈਲ ਰਹੀਆਂ ਹਨ। ਇਨ੍ਹਾਂ ਪਿੰਡਾਂ ਵਿਚਲੀ ਸਮੱਸਿਆ ਪਾਰਟੀਆਂ ਲਈ ਕੋਈ ਮੁੱਦਾ ਨਹੀਂ ਰਹੀ, ਪਿੰਡਾਂ ਦੀਆਂ ਗਲੀਆਂ-ਨਾਲੀਆਂ ਨੂੰ ਵਿਕਾਸ ਦੱਸਣ ਵਾਲੀਆਂ ਸਿਆਸੀ ਪਾਰਟੀਆਂ ਵਲੋਂ ਕੇਂਸਰ ਪੀੜਤਾਂ ਦੀ ਕੋਈ ਸਾਰ ਨਹੀਂ ਲਈ ਜਾਂਦੀ। ਵਰਲਡ ਹੈਲਥ ਆਰਗੇਨਾਈਜੇਸ਼ਨ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਪੰਜਾਬ 'ਚ ਧਰਤੀ ਹੇਠਲਾ ਪਾਣੀ ਸਾਡੇ ਦੁਆਰਾ ਵੱਡੇ ਪੱਧਰ 'ਤੇ ਬੇਲੋੜੀਆਂ ਅਤੇ ਜ਼ਰੂਰਤ ਤੋਂ ਜ਼ਿਆਦਾ ਕੀਤੀਆਂ ਜਾਂਦੀਆਂ ਜ਼ਹਿਰੀਲੀਆਂ ਸਪਰੇਆਂ ਦੀ ਵਰਤੋਂ ਫੈਕਟਰੀਆਂ 'ਚੋਂ ਨਿਕਲਦੇ ਜ਼ਹਿਰੀਲੇ ਗੰਧਲੇ ਪਾਣੀ ਨੂੰ ਧਰਤੀ ਹੇਠ ਸੁੱਟਣ ਨਾਲ ਧਰਤੀ ਹੇਠਲਾ ਪਾਣੀ ਜ਼ਹਿਰੀਲਾ ਹੋ ਗਿਆ ਹੈ ਅਤੇ ਇਸ ਨਾਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਜਿਵੇਂ ਗੁਰਦਿਆਂ ਦਾ ਖਰਾਬ ਹੋਣਾ, ਚਮੜੀ ਰੋਗ, ਫੇਫੜੇ ਰੋਗ ਅਤੇ ਕੈਂਸਰ ਆਦਿ ਵਰਗੀਆਂ ਬਿਮਾਰੀਆਂ ਨਾਲ ਮਨੁੱਖੀ ਜੀਵਨ ਜਕੜਿਆ ਜਾ ਰਿਹਾ ਹੈ। ਮਨੁੱਖ ਜੀਵਨ ਜਕੜਿਆ ਜਾ ਰਿਹਾ ਹੈ। ਮਨੁੱਖ ਨੇ ਆਪਣੇ ਸਵਾਰਥਾਂ ਲਈ ਜਿੱਥੇ ਵਾਤਾਵਰਨ ਸਮੇਤ ਧਰਤੀ ਹੇਠਲਾ ਪਾਣੀ, ਹਵਾ ਆਦਿ ਨੂੰ ਬੇਲੋੜੀਆਂ ਰਸਾਇਣਕ ਖਾਦਾਂ, ਸਪਰੇਆਂ ਦੀ ਵਰਤੋਂ ਕਰਕੇ ਪ੍ਰਦੂਸ਼ਿਤ ਕਰਕੇ ਜਿਥੇ ਮਨੁੱਖੀ ਜੀਵਨ ਦੀ ਹੋਂਦ ਨੂੰ ਖਤਰੇ 'ਚ ਪਾਉਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ, ਉੱਥੇ ਹੀ ਜੀਵ-ਜੰਤੂ, ਪਸ਼ੂ-ਪੰਛੀ ਆਦਿ ਦੀ ਹੋਂਦ ਨੂੰ ਵੀ ਖਤਰੇ 'ਚ ਪਾਇਆ ਜਾ ਰਿਹਾ ਹੈ। ਸਿਰਫ ਗੱਲ ਇਕੱਲੇ ਪੰਜਾਬ ਦੀ ਹੀ ਕਰ ਲਈਏ ਤਾਂ ਪਿਛਲੇ 70 ਸਾਲਾਂ ਤੋਂ ਭਾਰਤ ਦੀਆਂ ਲੋੜਾ ਸਮੇਤ ਦੁਨੀਆਂ ਦੀਆਂ ਬਹੁਕੌਮੀ ਕਾਰਪੋਰੇਸ਼ਨਾਂ ਨੂੰ ਫਾਇਦਾ ਪਹੁੰਚਾਉਣ ਲਈ ਪੰਜਾਬ ਦੇ ਲੋਕ ਹਿੱਤਾਂ ਸਮੇਤ ਵਾਤਾਵਰਨ ਨੂੰ ਵਿਕਾਸ ਦੀ ਥਾਂ ਵਿਨਾਸ਼ ਦੀ ਭੱਠੀ 'ਚ ਝੋਕਿਆ ਜਾ ਰਿਹਾ ਹੈ। ਇਹ ਸਾਰਾ ਕੁਝ ਇਕ ਦਿਨ 'ਚ ਨਹੀਂ ਹੋਇਆਂ, ਇਹ ਪਿਛਲੇ ਲੰਬੇ ਸਮੇਂ ਤੋਂ ਪੰਜਾਬ ਸਮੇਤ ਪੂਰੇ ਭਾਰਤ ਅਤੇ ਸੰਸਾਰ ਵਲੋਂ ਅਪਣਾਏ ਗਏ ਮਾਡਲ ਦਾ ਹੀ ਸਿੱਟਾ ਹੈ ਜਿਸ ਦੇ ਲਈ ਜ਼ਿਆਦਾ ਤੋਂ ਜ਼ਿਆਦਾ ਪੈਦਾਵਾਰ ਅਤੇ ਵੱਧ ਤੋਂ ਵੱਧ ਪਦਾਰਥਾਂ ਦੀ ਖਪਤ ਦੀ ਦੌੜ ਦਾ ਚੱਕਰ ਹੀ ਅਖੌਤੀ ਵਿਕਾਸ ਦਾ ਨਾਂਅ ਹੈ। ਇਸ ਵਿਕਾਸ ਦੀ ਤੇਜ਼ੀ ਰਫਤਾਰੀ ਦੇ ਕਾਰਨ ਜਿਹੜਾ ਧੁੰਦ-ਧੂੰਆਂ ਪੈਦਾ ਹੋ ਰਿਹਾ ਹੈ, ਉਸ ਨੇ ਸੱਚੀਮੁੱਚੀ ਹੀ ਇਸ ਧਰਤੀ ਉੱਪਰ ਜੀਵ-ਜੰਤੂਆਂ ਅਤੇ ਮਨੁੱਖ ਦਾ ਜਿਉਣਾ ਦੁਭਰ ਕਰ ਦਿੱਤਾ ਹੈ। ਪੰਜਾਬ ਦਾ ਮੌਜੂਦਾ ਵਿਕਾਸ ਪੰਜਾਬ ਦੇ ਦਰਿਆਵਾਂ ਨੂੰ ਖੁਦਕੁਸ਼ੀ ਕਰਨ ਲਈ ਮਜਬੂਰ ਕਰ ਰਿਹਾ ਹੈ। ਦਰਿਆ ਪਲੀਤ ਹੋ ਗਏ ਹਨ। ਹਵਾ ਪ੍ਰਦੂਸ਼ਣ ਕਾਰਨ ਮਨੁੱਖ ਸਾਹ ਲੈਣ ਦੇ ਕਾਬਲ ਨਹੀਂ ਰਿਹਾ। ਪੰਜਾਬ 'ਚੋਂ ਬਹੁਤ ਸਾਰੇ ਜੰਗਲ ਤਾਂ ਪਹਿਲਾਂ ਹੀ ਖਤਮ ਕੀਤੇ ਜਾ ਚੁੱਕੇ ਹਨ, ਪਰ ਹੁਣ ਸੜਕਾਂ ਚੌੜੀਆਂ ਕਰਨ ਦੇ ਬਹਾਨੇ ਪੰਛੀਆਂ ਦਾ ਵਸੇਬਾ ਬਣੇ ਸੜਕਾਂ ਕਿਨਾਰੇ ਲੱਗੇ ਦਰੱਖਤ ਖਤਮ ਕੀਤੇ ਜਾ ਰਹੇ ਹਨ ਅਤੇ ਇਨ੍ਹਾਂ ਦਰੱਖਤਾਂ ਦੀ ਥਾਂ ਨਵੇਂ ਬੂਟੇ ਜਾਂ ਤਾਂ ਲਗਾਏ ਨਹੀਂ ਜਾ ਰਹੇ, ਪਰ ਜੇ ਲਗਾਏ ਜਾ ਰਹੇ ਹਨ ਤਾਂ ਉਹ ਸੁਚੱਜੇ ਢੰਗ ਨਾਲ ਪਾਲੇ ਨਹੀਂ ਜਾ ਰਹੇ। ਪੰਜਾਬ ਦੇ ਰਿਵਾਇਤੀ ਰੁੱਖ ਟਾਹਲੀਆਂ, ਕਿੱਕਰਾਂ, ਫਲਾਹੀਆਂ ਆਦਿ ਵਗੈਰਾ ਲਗਾਤਾਰ ਸੁੱਕ ਰਹੇ ਹਨ। ਧਰਤੀ ਹੇਠਲਾ ਪਾਣੀ ਪਲੀਤ ਹੋਣ ਦੇ ਨਾਲ-ਨਾਲ ਪਾਣੀ ਦਾ ਪੱਧਰ ਨੀਵਾਂ ਹੁੰਦਾ ਜਾ ਰਿਹਾ ਹੈ, ਜਿਸ ਨਾਲ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਜੀਵਨ ਨੂੰ ਵੀ ਖਤਰੇ 'ਚ ਪਾ ਕੇ ਪਤਾ ਨਹੀਂ ਮਨੁੱਖ ਹੋਣ ਦਾ ਕਿਹੜਾ ਫਰਜ਼ ਨਿਭਾਅ ਰਹੇ ਹਾਂ, ਇਹ ਸੋਚਣ ਦਾ ਵਿਸ਼ਾ ਹੈ।



ਮਾਹਿਰਾਂ ਮੁਤਾਬਿਕ ਇਹ ਸਿਲਸਿਲਾ ਇਸੇ ਤਰ੍ਹਾਂ ਜਾਰੀ ਰਿਹਾ ਤਾਂ ਆਉਂਦੇ ਕੁਝ ਸਾਲਾਂ ਤੱਕ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਏਨਾ ਨੀਵਾਂ ਹੋ ਜਾਵੇਗਾ ਕਿ ਟਿਊਬਵੈੱਲ ਪਾਣੀ ਚੁੱਕਣਾ ਛੱਡ ਦੇਣਗੇ। ਹਾਲ ਹੀ 'ਚ ਰੋਪੜ ਦੇ ਪਿੰਡ ਹੀਰਪੁਰ 'ਚੋਂ ਵੀ ਖਬਰਾਂ ਆ ਰਹੀਆਂ ਹਨ ਕਿ ਉੱਥੇ ਟਿਊਬਵੈੱਲ ਅਤੇ ਨਲਕੇ ਪਾਣੀ ਖਿੱਚਣਾ ਬੰਦ ਕਰ ਰਹੇ ਹਨ। ਇਸ ਤੋਂ ਇਲਾਵਾ ਪੰਜਾਬ ਦੇ ਹੋਰ ਬਹੁਤ ਸਾਰੇ ਪਿੰਡਾਂ 'ਚ ਧਰਤੀ ਹੇਠਲਾ ਪਾਣੀ ਪਾਣੀ ਥੱਲੇ ਜਾਣ ਕਰਕੇ ਲੋਕਾਂ ਨੂੰ ਟਿਊਬਵੈੱਲਾਂ ਦੇ ਬੋਰ ਹੋਰ ਡੂੰਘੇ ਕਰਨ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਪੰਜਾਬ ਤੋਂ ਦਰਿਆਈ ਪਾਣੀ ਖੋਹਣਾ ਅਤੇ ਪੰਜਾਬ 'ਚ ਅਨਾਜ ਦੀ ਥੁੜ੍ਹ ਨੂੰ ਪੂਰਾ ਕਰਨ ਲਈ ਜਿਹੜਾ ਕੇਂਦਰ ਦੀਆਂ ਹਦਾਇਤਾਂ 'ਤੇ ਝੋਨੇ ਦੀ ਫਸਲ ਤਾ ਤੋਰਾ ਤੋਰਿਆ ਗਿਆ, ਇਹ ਸਭ ਉਸ ਦਾ ਸਿੱਟਾ ਹੈ। ਚਾਹੀਦਾ ਤਾਂ ਇਹ ਸੀ ਕਿ ਝੋਨੇ ਦੀ ਫਸਲ ਅਤੇ ਪੰਜਾਬ ਤੋਂ ਖੋਹੇ ਗਏ ਦਰਿਆਈ ਪਾਣੀਆਂ ਨੇ ਪੰਜਾਬ ਦੇ ਕਿਸਾਨਾਂ ਦਾ ਅਤੇ ਸਮੁੱਚੇ ਤੌਰ 'ਤੇ ਪੰਜਾਬ ਦਾ ਜਿੰਨਾ ਨੁਕਸਾਨ ਕੀਤਾ ਹੈ, ਉਸ ਦੇ ਬਦਲੇ ਕੇਂਦਰ ਸਰਕਾਰ ਢੁਕਵਾਂ ਹਰਜ਼ਾਨਾ ਦਿੰਦੀ, ਪਰ ਉਲਟਾ ਹੋ ਇਹ ਰਿਹਾ ਹੈ ਕਿ ਦੂਜੇ ਰਾਜਾਂ ਦੇ ਖੁਦਕੁਸ਼ੀਆਂ ਕਰ ਰਹੇ ਕਿਸਾਨਾਂ ਨੂੰ ਪੈਕੇਜ ਦਿੱਤੇ ਜਾ ਰਹੇ ਹਨ ਅਤੇ ਪੰਜਾਬ ਨੂੰ ਇਹ ਵੀ ਵੇਖਣ ਦੀ ਅਤੇ ਸਾਹਮਣੇ ਰੱਖਣ ਦੀ ਲੋੜ ਹੈ। ਅਜਿਹਾ ਵਿਕਾਸ ਮਾਡਲ ਵੱਲ ਤੁਰਨ ਦੀ ਲੋੜ ਹੈ। ਅਜਿਹਾ ਵਿਕਾਸ ਮਾਡਲ ਜਿਸ ਨਾਲ ਪੰਜਾਬ ਦਾ ਕੁਦਰਤੀ ਆਲਾ-ਦੁਆਲਾ ਤੰਦਰੁਸਤ ਹੋਵੇ, ਪੰਜਾਬ ਦੇ ਧਰਤੀ ਹੇਠਲੇ ਅਤੇ ਧਰਤੀ ਉੱਪਰਲੇ ਪਾਣੀ ਸਾਫ-ਸੁਥਰੇ ਰਹਿਣ ਅਤੇ ਪ੍ਰਦੂਸ਼ਣ ਇਨ੍ਹਾਂ ਨੂੰ ਛੂਹ ਤੱਕ ਨਾ ਸਕੇ। ਪੰਜਾਬ ਦੇ ਲੋਕਾਂ ਨੂੰ ਸ਼ੁੱਧ ਵਾਤਾਵਰਨ ਮਿਲ ਅਤੇ ਤੰਦਰੁਸਤ ਰਹਿ ਸਕਣ। ਪੰਜਾਬ 'ਚ ਸਦੀਆਂ ਤੋਂ ਲੱਗੇ ਅਤੇ ਜਿਉਂਦੇ ਰੁੱਖ, ਪਸ਼ੂ-ਪੰਛੀ, ਜੰਗਲ-ਬੇਲੇ ਆਦਿ ਸਭ ਕੁਝ ਜਿਉਂਦੇ ਰਹਿਣ ਅਤੇ ਚਾਰ ਚੁਫੇਰੇ ਤੰਦਰੁਸਤੀ ਦਾ ਪਸਾਰਾ ਹੋਵੇ।

ਇਸ ਦੇ ਲਈ ਪੰਜਾਬ 'ਚ ਬਦਲਵੀਂ ਲੋਕਪੱਖੀ ਸਿਆਸਤ ਨੂੰ ਉਭਾਰਨ ਵਾਲੀ ਬੁੱਧੀਜੀਵੀ ਅਤੇ ਇਸ ਨਾਲ ਜੁੜੀਆਂ ਕਿਸਾਨ ਸੰਸਥਾਵਾਂ ਨੂੰ ਸਾਹਮਣੇ ਆਉਣਾ ਚਾਹੀਦਾ ਹੈ। ਜੇ ਅਸੀਂ ਪਾਣੀ, ਹਵਾ ਅਤੇ ਧਰਤੀ ਨੂੰ ਬੰਜਰ ਹੋਣ ਤੋਂ ਬਚਾਉਣਾ ਹੈ ਤਾਂ ਆਪਣੇ ਸਵਾਰਥਾਂ ਨੂੰ ਤਿਆਗਦੇ ਹੋਏ ਸਾਰਿਆਂ ਨੂੰ ਮਿਲਜੁਲ ਕੇ ਕੰਮ ਕਰਨ ਦੀ ਲੋੜ ਹੈ।



# ਅੰਨ ਭੰਡਾਰਨ ਦਾ ਨਾਕਸ ਪ੍ਰਬੰਧ

ਮੁਖਤਾਰ ਗਿੱਲ
ਮੋ. 98140-82217

ਭਾਰਤ ਖੇਤੀ ਪ੍ਰਧਾਨ ਦੇਸ਼ ਹੈ। ਦੇਸ਼ ਦੀ 47 ਫੀਸਦੀ ਜ਼ਮੀਨ 'ਤੇ ਖੇਤੀ ਹੁੰਦੀ ਹੈ ਅਤੇ 70 ਫੀਸਦੀ ਆਬਾਦੀ ਖੇਤੀ 'ਤੇ ਨਿਰਭਰ ਹੈ। ਇਸ ਵਾਰ ਪੰਜਾਬ ਵਿਚ 86 ਲੱਖ ਏਕੜ ਰਕਬੇ ਵਿਚ ਕਣਕ ਦੀ ਖੇਤੀ ਹੋਈ ਹੈ ਅਤੇ 161 ਲੱਖ ਟਨ ਝਾੜ ਹੋਣ ਦੀ ਸੰਭਾਵਨਾ ਹੈ। ਭਾਰਤੀ ਰਿਜ਼ਰਵ ਬੈਂਕ ਨੇ 27 ਹਜ਼ਾਰ ਕਰੋੜ ਰੁਪਏ ਦੀ ਕੈਸ਼ ਕ੍ਰੈਡਿਟ ਲਿਮਿਟ ਪ੍ਰਦਾਨ ਕੀਤੀ ਹੈ। ਕੇਂਦਰ ਨੇ 2275 ਰੁਪਏ ਪ੍ਰਤੀ ਕੁਵਿੰਟਲ ਕਣਕ ਦਾ ਸਮਰਥਨ ਮੁੱਲ ਮਿੱਥਿਆ ਹੈ। ਪੰਜਾਬ ਵਿਚ ਕਣਕ ਦੀ ਸਰਕਾਰੀ ਖਰੀਦ ਪਹਿਲੀ ਅਪ੍ਰੈਲ ਤੋਂ ਸ਼ੁਰੂ ਹੈ। ਏਸ਼ੀਆ ਦੀ ਸਭ ਤੋਂ ਵੱਡੀ ਖੰਨਾ ਮੰਡੀ ਵਿਚ ਕਣਕ ਦੀ ਭਾਰੀ ਆਮਦ ਹੋ ਚੁੱਕੀ ਹੈ। ਪੰਜਾਬ ਮੰਡੀ ਬੋਰਡ ਨੇ 1307 ਖਰੀਦ ਕੇਂਦਰਾਂ ਦੀ ਸਥਾਪਨਾ ਕੀਤੀ ਹੈ।

ਸਾਡੇ ਦੇਸ਼ ਵਿਚ ਅਵਿਗਿਆਨਕ ਤਰੀਕੇ ਨਾਲ ਅੰਨ ਭੰਡਾਰਨ ਦਾ ਨਾਕਸ ਪ੍ਰਬੰਧ ਸਰਕਾਰਾਂ ਦੀ ਅਣਗਹਿਲੀ ਦਾ ਨਤੀਜਾ ਹੈ। ਖੁੱਲ੍ਹੇ ਅਸਮਾਨ ਹੇਠਾਂ ਕੱਚੇ ਫੜਾਂ (ਫਰਸ਼) 'ਤੇ ਪਏ ਅੰਨ ਦੇ ਢੇਰਾਂ ਤੇ ਕਿਧਰੇ ਬੋਰੀਆਂ 'ਚ ਪਈ ਜਿਣਸ ਨੂੰ ਬਾਰਿਸ਼ ਦੇ ਕਹਿਰ ਦੀ ਮਾਰ ਝੱਲਣੀ ਪੈਂਦੀ ਹੈ। ਭਾਵ ਬਰਸਾਤੀ ਪਾਣੀ ਵਿਚ ਭਿੱਜ ਕੇ ਹਜ਼ਾਰਾਂ ਟਨ ਜਿਣਸ ਬਰਬਾਦ ਹੋ ਜਾਂਦੀ ਹੈ। ਜੇ ਅੰਕੜਿਆਂ ਦੀ ਮੰਨੀਏ ਤਾਂ ਖੁੱਲ੍ਹੇ ਆਕਾਸ਼ ਥੱਲੇ ਪਿਆ ਹਰ ਸਾਲ ਤਕਰੀਬਨ 37 ਫੀਸਦੀ (1.4 ਕਰੋੜ ਟਨ) ਅੰਨ ਨਸ਼ਟ ਹੋ ਜਾਂਦਾ ਹੈ ਜਿਸ ਦੀ ਕੀਮਤ ਸੱਤ ਹਜ਼ਾਰ ਕਰੋੜ ਬਣਦੀ ਹੈ। ਬਿਹਤਰ ਭੰਡਾਰਨ ਸੁਵਿਧਾਵਾਂ ਫਸਲ ਕਟਾਈ ਤੋਂ ਬਾਅਦ ਹੋਣ ਵਾਲੇ ਨੁਕਸਾਨ ਨੂੰ ਘੱਟ ਕਰ ਸਕਦੀਆਂ ਹਨ। ਭਾਰਤ ਦੁਨੀਆਂ ਦਾ ਦੂਸਰਾ ਸਭ ਤੋਂ ਵੱਡਾ ਅੰਨ ਉਤਪਾਦਕ ਦੇਸ਼ ਹੋਣ ਦੇ ਬਾਵਜੂਦ ਇਸ ਨੂੰ ਸਾਂਭਣ (ਅੰਨ ਭੰਡਾਰਨ) ਦੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਸੰਯੁਕਤ ਰਾਸ਼ਟਰ ਦੇ ਖੁਰਾਕ ਅਤੇ ਖੇਤੀ ਸੰਗਠਨ (ਐੱਫ ਏ ਓ) ਮੁਤਾਬਕ 2023 ਵਿਚ ਦੇਸ਼ ਦਾ ਅੰਨ ਉਤਪਾਦਨ 31.1 ਕਰੋੜ ਟਨ ਤੱਕ ਪਹੁੰਚ ਗਿਆ ਸੀ। ਦਾਲਾਂ ਦੇ ਉਤਪਾਦਨ 'ਚ ਵੀ ਪਿਛਲੇ 5 ਸਾਲਾਂ ਦਾ ਔਸਤ 2.38 ਕਰੋੜ ਟਨ ਦਾ ਕੀਰਤੀਮਾਨ ਬਣਿਆ। ਵਰਲਡ ਹੰਗਰ ਇੰਡੈਕਸ (ਭੁੱਖਮਰੀ ਦਾ ਵਿਸ਼ਵ ਪੱਧਰੀ ਸੂਚਕ ਅੰਕ) ਅਨੁਸਾਰ 2023 ਵਿਚ ਭਾਰਤ ਵਿਸ਼ਵ 'ਚ 111ਵੇਂ ਸਥਾਨ 'ਤੇ ਹੈ। ਜਦਕਿ 2022 ਵਿਚ 107ਵੇਂ ਸਥਾਨ 'ਤੇ ਸੀ। ਸਾਲ 2014 ਵਿਚ ਭਾਰਤ 55ਵੇਂ ਸਥਾਨ 'ਤੇ ਸੀ। ਇਸ ਨਾਲ ਭਾਰਤ ਦੇ 19ਕਰੋੜ ਲੋਕਾਂ ਦੀ ਭੁੱਖੇ ਸੌਣ ਦੀ ਗੱਲ ਸਾਹਮਣੇ ਆਈ ਸੀ। ਦੇਸ਼ ਵਿਚ ਵੱਡੇ ਪੈਮਾਨੇ 'ਤੇ ਅੰਨ ਪੈਦਾ ਹੋਣ ਦੇ ਬਾਵਜੂਦ ਦੋ ਸਾਲ ਪਹਿਲਾਂ ਕਰਵਾਏ ਸਿਹਤ ਸਰਵੇਖਣ ਮੁਤਾਬਿਕ ਭਾਰਤ ਵਿਚ ਛੋਟੇ ਬੱਚਿਆਂ ਦੀ ਵੱਡੀ ਆਬਾਦੀ ਨੂੰ ਭੋਜਨ ਦੀ ਅਸੁਰੱਖਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਦੇਸ਼ ਭਰ ਵਿਚ ਅੰਨ ਦੀ ਮੌਜੂਦਾ ਭੰਡਾਰਨ ਸਮਰੱਥਾ 14.5 ਟਨ ਭਾਵ ਲੋੜ ਦੀ ਅੱਧੀ ਤੋਂ ਵੀ ਘੱਟ ਹੈ। ਇਕ ਅਨੁਮਾਨ ਮੁਤਾਬਕ ਭਾਰਤ ਨੂੰ ਫਸਲ ਕਟਾਈ ਤੋਂ ਬਾਅਦ ਅੰਨ ਦਾ ਸਾਲਾਨਾ 10 ਤੋਂ 15 ਫੀਸਦੀ ਵਿਚਾਲੇ ਨੁਕਸਾਨ ਉਠਾਉਣਾ ਪੈਂਦਾ ਹੈ। ਜੋ ਜ਼ਿਆਦਾਤਰ ਨਾਕਸ ਭੰਡਾਰਨ ਸਹੂਲਤਾਂ ਅਤੇ ਨਾਕਾਮ ਵੰਡ ਪ੍ਰਣਾਲੀ ਕਾਰਨ ਹੁੰਦਾ ਹੈ। ਭਾਵ ਕਿ ਹਰ ਸਾਲ ਲੱਖਾਂ ਟਨ ਕੀਮਤੀ ਭੋਜਨ ਬਰਬਾਦ ਹੋ ਜਾਂਦਾ ਹੈ। ਇਹ ਅਜਿਹੇ ਹਾਲਾਤ ਹਨ ਜਿਹੜੇ ਫੌਰਨ ਕਿਸੇ ਹੱਲ ਦੀ ਲੋੜ ਮਹਿਸੂਸ ਕਰਦੇ ਹਨ।

> "ਦੇਸ਼ ਭਰ ਵਿਚ ਅੰਨ ਦੀ ਮੌਜੂਦਾ ਭੰਡਾਰਨ ਸਮਰੱਥਾ 14.5 ਟਨ ਭਾਵ ਲੋੜ ਦੀ ਅੱਧੀ ਤੋਂ ਵੀ ਘੱਟ ਹੈ। ਇਕ ਅਨੁਮਾਨ ਮੁਤਾਬਕ ਭਾਰਤ ਨੂੰ ਫਸਲ ਕਟਾਈ ਤੋਂ ਬਾਅਦ ਅੰਨ ਦਾ ਸਾਲਾਨਾ 10 ਤੋਂ 15 ਫੀਸਦੀ ਵਿਚਾਲੇ ਨੁਕਸਾਨ ਉਠਾਉਣਾ ਪੈਂਦਾ ਹੈ। ਜੋ ਜ਼ਿਆਦਾਤਰ ਨਾਕਸ ਭੰਡਾਰਨ ਸਹੂਲਤਾਂ ਅਤੇ ਨਾਕਾਮ ਵੰਡ ਪ੍ਰਣਾਲੀ ਕਾਰਨ ਹੁੰਦਾ ਹੈ। ਭਾਵ ਕਿ ਹਰ ਸਾਲ ਲੱਖਾਂ ਟਨ ਕੀਮਤੀ ਭੋਜਨ ਬਰਬਾਦ ਹੋ ਜਾਂਦਾ ਹੈ। ਇਹ ਅਜਿਹੇ ਹਾਲਾਤ ਹਨ ਜਿਹੜੇ ਫੌਰਨ ਕਿਸੇ ਹੱਲ ਦੀ ਲੋੜ ਮਹਿਸੂਸ ਕਰਦੇ ਹਨ।"

2020-21 ਦੇ ਬਜਟ ਵਿਚ ਕਿਸਾਨਾਂ ਨਹੀ 16 ਸੂਤਰੀ ਫਾਰਮੂਲੇ ਦਾ ਐਲਾਨ ਹੋਇਆ ਸੀ ਜਿਸ ਤਹਿਤ ਜਨਤਕ ਤੇ ਨਿੱਜੀ ਹਿੱਸੇਦਾਰੀ ਨਾਲ ਗੋਦਾਮ ਤੇ ਕੋਲਡ ਸਟੋਰ ਬਣਾਉਣੇ ਸ਼ਾਮਲ ਸਨ। ਫਰਵਰੀ 2021 ਵਿਚ ਸੰਸਦ ਵਿਚ ਖੁਰਾਕ ਤੇ ਜਨਤਕ ਵੰਡ ਵਿਭਾਗ ਵੱਲੋਂ ਦੱਸਿਆ ਗਿਆ ਕਿ ਐੱਫ ਸੀ ਆਈ ਨੇ 25 ਲੱਖ ਮੀਟ੍ਰਕ ਟਨ ਸਾਇਲੋ ਅਰਥਾਤ ਥੋਕ ਭੰਡਾਰਨ ਦੀ ਆਧੁਨਿਕ ਸੁਰੱਖਿਅਤ ਸਮਰੱਥਾ ਪ੍ਰਾਪਤ ਕਰ ਲਈ ਹੈ। ਪ੍ਰੰਤੂ ਇਹ ਮੌਜੂਦਾ ਖੇਤੀ ਉਪਜ ਦੇ ਮੁਕਾਬਲੇ ਘੱਟ ਹੈ। ਦੂਜੇ ਪਾਸੇ ਦੇਸ਼ ਵਿਚ 249 ਸਥਾਨਾਂ 'ਤੇ ਏਨੀ ਸਮਰੱਥਾ ਦੇ ਸਾਇਲੋ ਬਣਾਉਣ ਲਈ ਵੀ ਸਹਿਮਤੀ ਬਣੀ। ਇਸ ਤੋਂ ਇਲਾਵਾ ਇਕ ਲੱਖ ਕਰੋੜ ਦੀ ਲਾਗਤ ਨਾਲ 700 ਲੱਖ ਟਨ ਦੀ ਅੰਨ ਭੰਡਾਰਨ ਸਮਰੱਥਾ ਵਾਲੇ ਗੋਦਾਮ ਬਣਾਏ ਜਾਣਗੇ। ਉਪਰੋਕਤ ਯੋਜਨਾ ਤਹਿਤ ਸਹਿਕਾਰੀ ਖੇਤਰ ਦੀ ਮਜ਼ਬੂਤੀ ਲਈ 2000 ਟਨ ਸਮਰੱਥਾ ਵਾਲੇ ਗੋਦਾਮਾਂ ਦਾ ਨਿਰਮਾਣ ਕੀਤਾ ਜਾਵੇਗਾ।

ਪ੍ਰਧਾਨ ਮੰਤਰੀ ਨੇ ਪਿਛਲੇ ਦਿਨੀ ਦੇਸ਼ ਵਿਚ ਅੰਨ ਭੰਡਾਰਨ ਦੀ ਸਮਰੱਥਾ ਵਧਾਉਣ ਲਈ, 'ਸਰਕਾਰੀ ਖੇਤਰ ਵਿਚ ਦੁਨੀਆਂ ਦੀ ਸਭ ਤੋਂ ਵੱਡੀ ਅੰਨ ਭੰਡਾਰਨ ਯੋਜਨਾ' ਨੂੰ ਮਨਜ਼ੂਰੀ ਦਿੱਤੀ ਸੀ ਜਿਸ ਨੂੰ ਸਾਰੇ ਰਾਜਾਂ, ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ 'ਪ੍ਰਯੋਗਿਕ ਪਰਿਯੋਜਨਾ' ਦੇ ਰੂਪ ਵਿਚ ਸ਼ੁਰੂ ਕੀਤਾ ਜਾ ਰਿਹਾ ਹੈ। ਭਾਰਤ ਵਿਚ ਵੱਡੇ ਪੱਧਰ 'ਤੇ ਅੰਨ ਭੰਡਾਰਨ ਯੋਜਨਾ ਕਿਸਾਨਾਂ, ਖਾਸ ਕਰ ਕੇ ਸਰਹੱਦੀ ਅਤੇ ਛੋਟੇ ਕਿਸਾਨਾਂ ਦੀਆਂ ਲੋੜਾਂ ਨੂੰ ਸਿੱਧੇ ਤੌਰ 'ਤੇ ਪੂਰਾ ਨਹੀਂ ਕਰ ਸਕਦੀ। ਖੇਤੀ ਮਰਦਮਸ਼ੁਮਾਰੀ (2010-11) ਮੁਤਾਬਕ ਭਾਰਤ ਵਿਚ 81.9 ਫੀਸਦੀ ਸਰਹੱਦੀ ਕਿਸਾਨ ਹਨ ਜਿਨ੍ਹਾਂ ਕੋਲ ਲਗਭਗ ਪੰਜ ਏਕੜ ਜ਼ਮੀਨ ਹੈ ਜਿਸ ਕਰਕੇ ਘੱਟ ਉਪਜ ਲਾਜ਼ਮੀ ਹੈ। ਸੋ ਏਨੀ ਛੋਟੀ ਮਾਤਰਾ ਲਈ ਵੱਡੀਆਂ ਭੰਡਾਰਨ ਸਹੂਲਤਾਂ ਕਿਫਾਇਤੀ ਨਹੀਂ ਹੋ ਸਕਦੀਆਂ। ਛੋਟੇ



'ਤੇ ਸਰਹੱਦੀ ਕਿਸਾਨ ਆਰਥਿਕ ਤੰਗਹਾਲੀ 'ਚ ਰਹਿੰਦੇ ਹਨ। ਉਨ੍ਹਾਂ ਕੋਲ ਲੰਮੇ ਸਮੇਂ ਤੱਕ ਆਪਣਾ ਅੰਨ ਭੰਡਾਰਨ ਕਰਨ ਲਈ ਮਾਲੀ ਸਾਧਨਾਂ ਦੀ ਕਮੀ ਹੁੰਦੀ ਹੈ। ਖੁਦ ਗੋਦਾਮ ਬਣਾਉਣਾ ਜਾਂ ਕਿਰਾਏ 'ਤੇ ਲੈਣਾ ਵੀ ਉਨ੍ਹਾਂ 'ਤੇ ਆਰਥਿਕ ਬੋਝ ਹੋ ਸਕਦਾ ਹੈ। ਇਸ ਕਰਕੇ ਛੋਟੇ ਕਿਸਾਨ ਨੂੰ ਆਪਣੀਆਂ ਮੁੱਢਲੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਆਪਣੀ ਪੁੱਤਾਂ ਵਾਂਗ ਪਾਲੀ ਫਸਲ ਸਸਤੇ ਭਾਅ 'ਚ ਵਪਾਰੀਆਂ ਨੂੰ ਵੇਚਣੀ ਪੈਂਦੀ ਹੈ। ਕਿਉਂਕਿ ਚੰਗੇ ਭਾਅ ਲਈ ਉਹ ਆਪਣੀ ਫਸਲ ਨੂੰ ਬਹੁਤੀ ਦੇਰ ਘਰ ਨਹੀਂ ਰੱਖ ਸਕਦੇ।

ਸਰਹੱਦੀ ਤੇ ਛੋਟੀ ਕਿਸਾਨੀ ਨੂੰ ਪੈਰਾਂ ਸਿਰ ਕਰਨ ਅਤੇ ਅੰਨ ਭੰਡਾਰਨ ਯੋਜਨਾ ਵਿਚ ਉਨ੍ਹਾਂ ਦੀ ਹਿੱਸੇਦਾਰੀ ਯਕੀਨੀ ਬਣਾਉਣ ਲਈ ਜ਼ਿਆਦਾ ਸੁਹਿਰਦ ਤੇ ਸਾਰਥਕ ਨਜ਼ਰੀਆ ਅਪਨਾਉਣ ਦੀ ਲੋੜ ਹੈ। ਸਿਰਫ ਵੱਡੀਆਂ ਭੰਡਾਰਨ ਸਹੂਲਤਾਂ 'ਤੇ ਧਿਆਨ ਕੇਂਦਰਤ ਕਰਨ ਦੀ ਥਾਂ ਸਰਕਾਰ ਨੂੰ ਉਤਪਾਦਨ ਬਿੰਦੂ ਦੇ ਕਰੀਬ ਛੋਟੇ, ਪੇਂਡੂ ਪੱਧਰ 'ਤੇ ਖਰੀਦ ਕੇਂਦਰਾਂ ਦੀਆਂ ਸਹੂਲਤਾਂ ਯਕੀਨੀ ਬਣਾਉਣ ਦੀਆਂ ਸੰਭਾਵਨਾਵਾਂ ਦੀ ਭਾਲ ਕਰਨੀ ਚਾਹੀਦੀ ਹੈ। ਭੰਡਾਰਨ ਇਕਾਈਆਂ (ਗੋਦਾਮ) ਤੱਕ ਕਿਸਾਨਾਂ ਦੀ ਪਹੁੰਚ ਅਤੇ ਢੋਆ-ਢੁਆਈ ਦੀਆਂ ਸਸਤੀਆਂ ਦਰਾਂ ਮੁਹੱਈਆ ਕਰਵਾਉਣੀ ਚਾਹੀਦੀਆਂ ਹਨ। ਇਨ੍ਹਾਂ ਸਾਧਨਾਂ ਨੂੰ ਇਕੱਠਾ ਕਰ ਕੇ ਕਿਸਾਨ ਵੱਡੇ ਪੱਧਰ 'ਤੇ ਅਰਥ ਵਿਵਸਥਾ ਤੋਂ ਲਾਭ ਪ੍ਰਾਪਤ ਕਰ ਸਕਦੇ ਹਨ ਅਤੇ ਭੰਡਾਰਨ 'ਚ ਆਉਣ ਵਾਲੀਆਂ ਵਿੱਤੀ ਦਿੱਕਤਾਂ ਨੂੰ ਦੂਰ ਕਰ ਸਕਦੇ ਹਨ।

ਸਰਹੱਦੀ ਤੇ ਛੋਟੇ ਕਿਸਾਨਾਂ ਲਈ ਵਿਸ਼ੇਸ਼ ਰੂਪ 'ਚ ਨਿਰਧਾਰਤ ਸਬਸਿਡੀ ਜਾਂ ਵਿਆਜ ਮੁਕਤ ਕਰਜ਼ੇ ਸਰਕਾਰ ਨੂੰ ਉਪਲੱਬਧ ਕਰਵਾਉਣੇ ਪੈਣਗੇ। ਸਰਕਾਰੀ ਸਹਾਇਤਾ ਉਨ੍ਹਾਂ ਦੀ ਹਿੱਸੇਦਾਰੀ ਨੂੰ ਹੋਰ ਮਜ਼ਬੂਤ ਕਰ ਸਕਦੀ ਹੈ। ਇਹ ਮਾਲੀ ਸਮਰਥਨ ਭੰਡਾਰਨ ਦੇ ਮੁੱਢਲੇ ਬੋਝ ਨੂੰ ਘੱਟ ਕਰੇਗਾ ਅਤੇ ਆਉਣ ਵਾਲੇ ਸਮੇਂ ਦੇ ਮੁਨਾਫਿਆਂ ਨੂੰ ਉਤਸ਼ਾਹ ਦੇਵੇਗਾ। ਭੰਡਾਰਨ ਦੇ ਬੁਨਿਆਦੀ ਢਾਂਚੇ ਦੀ ਅਸਲ ਤਾਕਤ ਨੂੰ ਵਧਾਉਣ ਤੋਂ ਇਲਾਵਾ ਛੋਟੇ ਤੇ ਸਰਹੱਦੀ ਕਿਸਾਨਾਂ ਲਈ ਮੰਡੀ (ਖਰੀਦ ਕੇਂਦਰ) ਤੱਕ ਪਹੁੰਚ ਮਜ਼ਬੂਤ ਬਣਾਉਣੀ ਪਵੇਗੀ। ਇਸ ਲਈ ਪੇਂਡੂ ਪੱਧਰ ਦੀਆਂ ਭੰਡਾਰਨ ਇਕਾਈਆਂ ਨਿਰਮਤ ਕਰਨ, ਸਰਕਾਰੀ ਸੰਮਤੀਆਂ ਅਤੇ ਖੁਰਾਕ ਤੇ ਖੇਤੀ ਸੰਗਠਨ (ਐੱਫ ਪੀ ਓ) ਦੇ ਮਾਧਿਅਮ ਰਾਹੀਂ ਬੁਨਿਆਦੀ ਢਾਂਚੇ 'ਚ ਸੁਧਾਰ ਕੀਤਾ ਜਾ ਸਕਦਾ ਹੈ। ਇਸ ਨਾਲ ਕਿਸਾਨਾਂ ਨੂੰ ਆਤਮ-ਨਿਰਭਰ ਬਣਾਇਆ ਜਾ ਸਕਦਾ ਹੈ। ਸਾਂਝੇ ਭੰਡਾਰਨ ਦੇ ਸੰਕਟ ਦੌਰਾਨ 'ਬਫਰ ਸਟਾਕ' ਖੁਰਾਕ ਕੀਮਤਾਂ ਨੂੰ ਸਥਿਰ ਬਣਾਏਗਾ ਅਤੇ ਮੁੱਲ ਵਧੇ ਨੂੰ ਰੋਕ ਸਕਦਾ ਹੈ ਕਿਉਂਕਿ ਮਹਿੰਗਾਈ ਸਮਾਜ ਦੇ ਕਮਜ਼ੋਰ ਵਰਗ ਨੂੰ ਸਭ ਤੋਂ ਵੱਧ ਪ੍ਰਭਾਵਿਤ ਕਰਦੀ ਹੈ। ਭਾਰਤ ਦੀ ਅੰਨ ਭੰਡਾਰਨ ਯੋਜਨਾ ਦੇਸ਼ ਦੇ ਖੇਤੀ ਦ੍ਰਿਸ਼ ਨੂੰ ਬਦਲਣ ਦੀ ਬਹੁਤ ਜ਼ਿਆਦਾ ਸਮਰੱਥਾ ਰੱਖਦੀ ਹੈ। ਹਾਲਾਂਕਿ ਇਹ ਯੋਜਨਾਵਾਂ ਦੇਸ਼ ਦੀਆਂ ਖੁਰਾਕੀ ਸੁਰੱਖਿਆ ਦੀਆਂ ਚੁਣੌਤੀਆਂ ਦਾ ਹੱਲ ਕਰਨ ਲਈ ਇਕ ਪ੍ਰਸ਼ੰਸਾਯੋਗ ਕੋਸ਼ਿਸ਼ ਯਕੀਨੀ ਬਣਾਉਣਗੀਆਂ ਅਤੇ ਮਿੱਥੇ ਨਿਸ਼ਾਨੇ ਨੂੰ ਪੂਰਾ ਕਰਨ 'ਚ ਸਹਾਈ ਹੋ ਸਕਣਗੀਆਂ। ਕਿਸਾਨਾਂ ਨੂੰ ਉਨ੍ਹਾਂ ਦੀ ਜਿਣਸ ਦਾ ਘੱਟੋ-ਘੱਟ ਸਮਰਥਨ ਮੁੱਲ ਯਕੀਨੀ ਬਣਾਉਣ ਅਤੇ ਅੰਨ ਭੰਡਾਰਨ ਦਾ ਸੁਚੱਜਾ ਪ੍ਰਬੰਧ ਹੀ ਕਿਸਾਨਾਂ ਨੂੰ ਆਪਣੀ ਫਸਲ ਦਾ ਸਹੀ ਲਾਭ ਦੇਵੇਗਾ। ਇਸ ਨਾਲ ਖਾਸ ਕਰ ਕੇ ਛੋਟੇ ਤੇ ਸਰਹੱਦੀ ਕਿਸਾਨਾਂ ਦੀ ਆਮਦਨ ਵਧੇਗੀ ਤੇ ਪੂਰੇ ਦਿਹਾਤੀ ਭਾਈਚਾਰੇ ਦੀ ਆਰਥਿਕ ਦਸ਼ਾ ਵੀ ਸੁਧਰ ਸਕਦੀ ਹੈ।

# ਪਿਓ ਦਾਦੇ ਪਸ਼ੂਆਂ ਨੂੰ ਛਾਣ ਕੇ ਤੂੜੀ ਪਾਉਂਦੇ ਸਨ



**ਜਗਜੀਤ ਸਿੰਘ ਝੱਤਰਾ,**
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249

ਹਮੇਸ਼ਾਂ ਮਨੁੱਖੀ ਜੀਵਨ ਤੇ ਪਸ਼ੂਆਂ ਲਈ ਪੱਠੇ ਵਗੈਰਾ ਤਾਕਤ ਨੂੰ ਬਰਕਰਾਰ ਰੱਖਣ ਲਈ ਸਾਫ ਸੁੱਥਰੀ ਸੰਤੁਲਿਤ ਹੋਣੀ ਖੁਰਾਕੀ ਬੇਹੱਦ ਜ਼ਰੂਰੀ ਹੈ ਅਤੇ ਇਸਤਰ੍ਹਾਂ ਸਾਡੇ ਬਜ਼ੁਰਗ ਇਸ ਬਾਤ ਤੇ ਸਾਰੀ ਆਯੂ ਪਹਿਰਾ ਦੇਂਦੇ ਰਹੇ। ਉਹਨਾਂ ਦੇ ਵਿਚਾਰ ਸਨ ਕਿ ਜੇ ਘਰ ਦੇ ਜੀਅ ਨਰੋਏ ਤਾਕਤਵਰ ਹਨ ਤਾਂ ਹੀ ਉਹ ਸਖਤ ਤੋਂ ਸਖਤ ਕੰਮ ਕਰਨਗੇ। ਜੇ ਪਸ਼ੂ ਤਕੜੇ ਹੋਣਗੇ ਤਾਂ ਕਿਸਾਨ ਦੀ ਕਮਾਈ ਵਿਚ ਹਿੱਸਾ ਪਾਉਣਗੇ ਤੇ ਕਿਸਾਨ ਦੀਆਂ ਥੁੜਾਂ ਪੂਰੀਆਂ ਹੋਣਗੀਆਂ ਤਾਕਤ ਤੇ ਬਗੈਰ ਖੇਤੀ ਕੰਮ ਕਰਨਾ ਅਤਿ ਮੁਸ਼ਕਲ ਹੈ। ਮਨੁੱਖ ਨੂੰ ਅਰੋਗ ਤੇ ਸਿਹਤਮੰਦ ਰਹਿਣ ਲਈ ਦੁੱਧ ਘਿਓ ਦੀ ਬਹੁਤ ਜ਼ਰੂਰਤ ਹੈ। ਬਜ਼ੁਰਗ ਘਰੋਂ ਲਵੇਰਾ ਮੁੱਕਣ ਨਹੀਂ ਦਿੰਦੇ ਸਨ। ਪਸ਼ੂਆਂ ਦੀ ਸਾਂਭ ਸੰਭਾਲ ਲਈ ਚੰਗੀ ਸੁੱਥਰੀ ਦਾ ਬਹੁਤ ਜ਼ਿਆਦਾ ਹਿੱਸਾ ਹੈ। ਪੱਠਿਆਂ ਦੇ ਨਾਲ ਤੂੜੀ ਦੀ ਸਖਤ ਜ਼ਰੂਰਤ ਹੈ। ਤੂੜੀ ਵੀ ਉਹ ਛਾਣਕੇ ਵਧੀਆ ਸੰਵਾਰਕੇ ਪਾਉਦੇ ਸਨ। ਫਾਂਡਰੂਆਂ ਨੂੰ ਜਿਹੋ ਜਿਹੀ ਮਰਜ਼ੀ ਤੂੜੀ ਪਾ ਦਿੰਦੇ ਸਨ। ਬਰੀਕ ਰੀਣ ਵਿਚੋਂ ਛਾਣਕੇ ਪਸ਼ੂਆਂ ਨੂੰ ਪਾ ਦਿੰਦੇ ਸਨ ਤੇ ਪਸ਼ੂ ਛੇਤੀ ਪੱਠੇ ਚੱਟ ਕਰ ਜਾਂਦੇ ਸਨ।

ਉਹਨਾਂ ਵੇਲਿਆਂ ਵਿੱਚ ਖੇਤੀ ਦੇ ਕੰਮ ਸਭ ਹੱਥੀ ਕੀਤੇ ਜਾਂਦੇ ਸਨ। ਹਾੜ੍ਹੀ ਦੇ ਵੇਲੇ ਕਾਮਿਆਂ ਨੂੰ ਕਿਹਾ ਜਾਂਦਾ ਸੀ ਕਿ ਕਣਕ, ਜੌਂ ਤੇ ਛੋਲੇ ਹਰੇ ਨਹੀਂ ਵੱਢਣੇ ਬੱਲੀ ਭਾਵੇਂ ਸੁੱਕ ਜਾਵੇ, ਪਰ ਥੱਲਿਓਂ ਨਾੜ ਗਿੱਲਾ ਹੀ ਹੁੰਦਾ ਹੈ। ਉਹਨਾਂ ਵੇਲਿਆਂ ਵਿੱਚ ਲਾਵਾ ਫਲਿਆ ਨਾਲ ਗਾਹਿਆ ਜਾਂਦਾ ਸੀ ਪਰ ਬਰੀਕ ਤੂੜੀ ਬਣਾਉਣ ਵਿਚ ਬਹੁਤ ਔਖਿਆਈ ਆਉਂਦੀ ਸੀ। ਤੂੜੀ ਦੇ ਹੇਠਲੇ ਪਾਸੇ ਮਿੱਟੀ ਪੰਬੀ ਆਦਿ ਬਹੁਤ ਇਕੱਠੀ ਹੋ ਜਾਂਦੀ ਸੀ ਕਈ ਵਾਰ ਗਾਹ ਉੱਪਰ ਮੀਂਹ ਕਣੀ ਪੈ ਜਾਇਆ ਕਰਦੀ ਸੀ ਅਤੇ ਤੂੜੀ ਦਾ ਰੰਗ ਬਦਲ ਜਾਂਦਾ ਸੀ ਅਤੇ ਸਲਾਬੇ ਨਾਲ ਦੀਆਂ ਘੁੰਡੀਆਂ ਪਲਰ ਤੇ ਮੱਖੀ ਬਚ ਜਾਂਦੀ ਸੀ। ਸੁੱਕੇ ਨਾੜ ਦੀ ਤੂੜੀ ਵਧੀਆ ਬਣਦੀ ਸੀ ਕਈ ਵਾਰ ਬਜ਼ੁਰਗ ਖੇਤ ਪਈ ਮੰਡਲੀਆਂ ਤੋਂ ਪਾਣੀ ਨਹੀਂ ਸੀ ਲਾਉਂਦੇ ਕਿ ਨਾੜ ਸਿੱਲਾ ਹੋ ਜਾਊ। ਕਣਕ ਵੱਢਦੇ ਹੀ ਲਾਗਾ ਪਿੜ ਵਿਚ ਇਕੱਠਾ ਕੀਤਾ ਜਾਂਦਾ ਸੀ ਤਾਂ ਬਾਬੇ ਫਰੋਲ ਫਰੋਲ ਕੇ ਇਕ ਦੋ ਦਿਨ ਧੁੱਪ ਲਾਉਣ ਨੂੰ ਪਹਿਲ ਦੇਂਦੇ ਸਨ ਤੇ ਲਾਂਗੇ ਨੂੰ ਹਵਾ ਲੱਗ ਸਕੇ ਨਾੜ ਦੀ ਤਸੱਲੀ ਹੋ ਜਾਵੇ ਫੇਰ ਹੀ ਫਲੇ ਜੋੜੇ ਜਾਂਦੇ ਸਨ।



ਦੁਪਹਿਰਾਂ ਵੇਲੇ ਕਰੜੀ ਧੁੱਪ ਹੁੰਦੀ ਤੇ ਗਰਮੀ ਦਾ ਪੂਰਾ ਜ਼ੋਰ ਹੁੰਦਾ ਤਾਂ ਨਾੜ ਬਹੁਤ ਛੇਤੀ ਟੁੱਟਦਾ ਸੀ। ਸੁੱਕੇ ਕੜਕ ਨਾੜ ਦੀ ਤੂੜੀ ਵਧੀਆ ਬਰੀਕ ਤੇ ਸੋਹਣੀ ਸੁੱਥਰੀ ਬਣਦੀ। ਦੁਪਹਿਰੇ ਸਮੇਂ ਨਿਸ਼ਚਤ ਗਾਹ ਨੂੰ ਪੱਟ ਦਿੱਤੀ ਜਾਂਦੀ ਸੀ। ਪਸ਼ੂਆਂ ਨੂੰ ਜੌਆਂ ਦਾ ਆਟਾ ਭਿਉਂ ਕੇ ਸੱਤੂ ਪਿਆਏ ਜਾਂਦੇ ਸਨ। ਪੱਠੇ ਪਾ ਛਾਂ ਥੱਲੇ ਬਜ਼ੁਰਗ ਬੰਨਣ ਨੂੰ ਕਹਿ ਦੇਂਦੇ ਸਨ। ਕਾਮੇ ਸੰਲਘਾ ਨਾਲ ਪੈਰੀ ਨੂੰ ਪੁੱਟ ਕੇ ਹੇਠਲਾ ਲਾਣ ਉੱਪਰ ਕਰ ਦੇਂਦੇ ਸਨ। ਧੜ ਤੇਜ਼ ਹਵਾ ਵਿਚ ਉਡਾਈ ਜਾਂਦੀ ਸੀ। ਬਰੀਕ ਤੂੜੀ ਅੱਗੇ ਆ ਜਾਂਦੀ ਰੁੱਮਕਦੀ ਹਵਾ ਵਿਚ ਸਵੇਰੇ ਵੇਲੇ ਆਮ ਧੜ ਉਡਾਈ ਜਾਂਦੀ ਬਾਬੇ ਬਜ਼ੁਰਗ ਪੂਰਾ ਖਿਆਲ ਰੱਖਦੇ ਸਨ। ਪਿੜ ਚੁੱਕਣ ਤਾਂ ਬਜ਼ੁਰਗ ਪਿੱੜ ਵਿਚ ਹੀ ਡੇਰਾ ਰੱਖਦੇ ਸਨ। ਕਈ ਵਾਰ ਬਾਬੇ ਸ਼ੈੱਡ ਤੇ ਲੀੜਾ ਵਿਛਾ ਕੇ ਰਾਤ ਨੂੰ ਉੱਥੇ ਹੀ ਸੌਂ ਜਾਂਦੇ ਸਨ। ਜੇ ਸ਼ੈੱਡ ਵਿਚ ਮੋਟੀ ਤੂੜੀ ਹੁੰਦੀ ਤਾਂ ਬਜ਼ੁਰਗ ਦੁਬਾਰਾ ਉਡਾ ਲੈਂਦੇ ਸਨ।

ਬਿਨਾ ਰੀਣ ਤੋਂ ਤੂੜੀ ਚੂਲੀ ਵਰਗੀ ਅਲੱਗ ਕਰ ਲੈਂਦੇ ਸਨ ਅਤੇ ਲਵੇਰਿਆਂ ਨੂੰ ਸਾਰਾ ਸਾਲ ਪਾਉਂਦੇ ਸਨ। ਮੋਟੀ ਤੂੜੀ ਫਾਂਡਰੂਆਂ ਵਾਸਤੇ ਵੱਖਰਾ ਰੱਖ ਲੈਂਦੇ ਸਨ। ਤੂੜੀ ਗੋਕਿਆਂ ਨੂੰ ਉਹ ਵੱਧ ਪਾਉਂਦੇ ਸਨ। ਬਜ਼ੁਰਗ ਦਾ ਖਿਆਲ ਸੀ ਇਸ ਵਿਚ ਤਿੱਖੇ ਕਸੀਰ ਹੁੰਦੇ ਤੇ ਮੇਹਰੂ ਪਸ਼ੂਆਂ ਦੇ ਜਬਾੜਿਆਂ ਵਿਚ ਖੁੱਭ ਜਾਂਦੇ ਸਨ ਅਤੇ ਪੱਠੇ ਘੱਟ ਖਾਣ ਲਗ ਜਾਂਦੇ। ਪਰ ਗੋਕਿਆਂ ਨੂੰ ਕਰਾਰੀ ਲੱਗਦੀ ਸੀ। ਛੇਤੀ ਹੀ ਖਾ ਜਾਂਦੇ ਸਨ। ਅੱਜ ਅਜਿਹਾ ਸਮਾਂ ਆ ਗਿਆ ਕਿ ਕਿਸੇ ਨੂੰ ਪਸ਼ੂ ਰੱਖਣ ਦਾ ਸ਼ੌਕ ਹੀ ਨਹੀਂ ਹੈ। ਨਾ ਕੋਈ ਬਰੀਕ ਜਾਂ ਮੋਟੀ ਤੂੜੀ ਬਣਾਉਣ ਦੀ ਰੁੱਚੀ ਹੈ। ਸਾਰੇ ਕੰਮ ਮਸ਼ੀਨਾਂ ਕਰ ਰਹੀਆਂ ਹਨ। ਜੇ ਉਹ ਪੁਰਾਤਨ ਬਜ਼ੁਰਗ ਵਾਪਸ ਆ ਜਾਣ ਇਹ ਸਭ ਵੇਖ ਕੇ ਹੈਰਾਨ ਹੋ ਜਾਣ ਸੁਭਾ ਖੇਤ ਜਾਓ ਸਭ ਦਾਣਾ ਫੱਕਾ ਤੂੜੀ ਲੈ ਕੇ ਘਰ ਆ ਜਾਉ ਉਹਨਾਂ ਬਜ਼ੁਰਗ ਦੀਆਂ ਪਾਈਆਂ ਪਿਰਤਾਂ ਅਜ ਦੇ ਮਸ਼ੀਨਰੀ ਯੁੱਗ ਨੂੰ ਮਾਤ ਪਾਉਂਦੀਆਂ ਹਨ। ਉਹ ਯੁੱਗ ਸੱਚ ਸਨ ਅਜ ਪਕਾ ਸਥਿਰ ਕੰਮ ਘਟ ਵੇਖਣ ਨੂੰ ਮਿਲਦਾ ਹੈ।

# ਨਰਮੇ ਵਿੱਚ ਗੁਲਾਬੀ ਸੁੰਡੀ ਦਾ ਸਰਵਪੱਖੀ ਕੀਟ ਪ੍ਰਬੰਧ

ਬਾਕੀ ਸਫਾ 3 ਦੀ

ਵਿਚ ਪੀੜਿਆ ਨਾ ਗਿਆ ਹੋਵੇ ਉਸ ਨੂੰ ਸੈਲਫਾਸ/ਫਾਸਟੋਕਸਨ/ਡੈਲੀਸ਼ੀਆ ਦੀ ਤਿੰਨ ਗ੍ਰਾਮ ਦੀ ਗੋਲੀ ਨਾਲ ਪ੍ਰਤੀ ਘਣ ਮੀਟਰ ਦੇ ਹਿਸਾਬ ਨਾਲ 48 ਘੰਟੇ ਲਈ ਜਾਂ ਦੋ ਗਲੀਆਂ 24 ਘੰਟੇ ਲਈ ਧੂਣੀ ਦਿਓ।

★ ਤੇਲ ਮਿੱਲ੍ਹਾਂ ਨੂੰ ਬਿਨਾਂ ਧੂਣੀ ਵਾਲੇ ਬੀਜ ਰੱਖਣੇ ਤੇ ਨਾ ਹੀ ਵੇਚਣੇ ਚਾਹੀਦੇ ਹਨ।

★ ਤੇਲ ਮਿੱਲ੍ਹਾਂ ਨੂੰ ਬੀਜ ਵੇਚਣ ਤੋਂ ਪਹਿਲਾਂ ਤੇਜ਼ਾਬ ਰਾਹੀਂ ਲੂੰ ਰਹਿਤ ਕਰ ਲੈਣਾ ਚਾਹੀਦੇ ਹਨ।

★ ਅਪ੍ਰੈਲ-ਮਈ ਦੇ ਮਹੀਨੇ ਜੇਕਰ ਤੇਲ ਮਿੱਲ੍ਹਾਂ/ਰੂੰ ਮਿੱਲ੍ਹਾਂ ਵਿਚ ਬੀਜਾਂ ਦਾ ਭੰਡਾਰ ਰੱਖਿਆ ਹੋਏ ਤਾਂ ਇਸ ਨੂੰ ਹਮੇਸ਼ਾਂ ਢੱਕ ਕੇ ਰੱਖੋ ਕਿਉਂਕਿ ਇਨ੍ਹਾਂ ਵਿਚੋਂ ਗੁਲਾਬੀ ਸੁੰਡੀ ਦੇ ਪਤੰਗੇ ਨਿਕਲ ਕੇ ਨੇੜੇ ਬੀਜੇ ਗਏ ਨਰਮੇ ਤੇ ਵਧੇਰੇ ਹਮਲਾ ਕਰਦੇ ਹਨ।

★ ਗੁਲਾਬੀ ਸੁੰਡੀ ਦੇ ਹਮਲੇ ਵਾਲੇ ਖੇਤਾਂ ਵਿਚੋਂ ਨਰਮੇ ਨੂੰ ਹਮਲੇ ਰਹਿਤ ਖੇਤਰ ਵਿਚ ਪੈਂਦੀਆਂ ਮਿੱਲ੍ਹਾਂ ਵਿਚ ਨਾ ਲਿਜਾਓ।

★ ਤੇਲ ਮਿੱਲ੍ਹਾਂ ਅਤੇ ਰੂੰ ਮਿੱਲ੍ਹਾਂ ਦੇ ਨੇੜੇ ਫਿਰੋਮੋਨ ਟਰੈਪ ਜ਼ਰੂਰ ਲਗਾਓ ਤਾਂ ਗੁਲਾਬੀ ਸੁੰਡੀ ਦੇ ਹਮਲੇ ਦਾ ਜਲਦੀ ਪਤਾ ਲੱਗ ਸਕੇ।

★ ਪਿੰਡ ਪੱਧਰ ਤੇ ਮੁਹਿੰਮ ਚਲਾਉਣੀ ਚਾਹੀਦੀ ਹੈ ਤਾਂ ਜੋ ਅਗਲੇ ਸੀਜ਼ਨ ਗੁਲਾਬੀ ਸੁੰਡੀ ਦਾ ਹਮਲਾ ਘੱਟ ਜਾਵੇ।

## ਮੌਸਮੀ ਰੋਕਥਾਮ :

**3. ਕਾਸ਼ਤਕਾਰੀ ਢੰਗ ਰਾਹੀਂ ਰੋਕਥਾਮ :**

★ ਨਰਮੇ ਦੀਆਂ ਘੱਟ ਸਮਾਂ ਲੈਣ ਵਾਲੀਆਂ ਤੇ ਅਗੇਤੀਆਂ ਖਿੜਨ ਵਾਲੀਆਂ ਸਿਫਾਰਸ਼ ਕੀਤੀਆਂ ਕਿਸਮਾਂ ਹੀ ਬੀਜੋ।



★ ਬਿਜਾਈ ਹਰ ਹਾਲਤ ਵਿਚ 15 ਮਈ ਤੱਕ ਕਰ ਦਿਓ ਕਿਉਂਕਿ ਲੇਟ ਬਿਜਾਈ ਵਾਲੀ ਫਸਲਾਂ ਤੇ ਹਮਲਾ ਵੱਧ ਹੁੰਦਾ ਹੈ।

★ ਰਿਫੂਜੀਆ (ਬੀ ਟੀ ਰਹਿਤ) ਬੀ ਟੀ ਨਰਮੇ ਦੇ ਆਲੇ ਦੁਆਲੇ ਜ਼ਰੂਰ ਬੀਜਣਾ ਚਾਹੀਦਾ ਹੈ ਜਿਸ ਕਾਰਨ ਗੁਲਾਬੀ ਸੁੰਡੀ ਵਿਚ ਬੀਟੀ ਜੀਨ ਪ੍ਰਤੀਰੋਧਕਤਾ ਨਹੀਂ ਹੁੰਦੀ।

★ ਗੁਲਾਬੀ ਸੁੰਡੀ ਦੇ ਹਮਲੇ ਨੂੰ ਅਗਲੇ ਸਾਲ ਠੱਲ੍ਹ ਪਾਉਣ ਲਈ ਜਿੱਥੇ ਤੱਕ ਹੋ ਸਕੇ ਫਸਲ ਦੀ ਚੁਗਾਈ ਜਲਦੀ ਕਰ ਲਓ। ਇਸ ਤਰ੍ਹਾਂ ਕਰਨ ਲਈ ਅਖੀਰਲਾ ਪਾਣੀ ਸਤੰਬਰ ਦੇ ਅੰਤ ਵਿਚ ਲਾ ਦਿਓ।


★ ਨਰਮੇ ਦੀ ਖੜ੍ਹੀ ਫਸਲ ਵਿਚ ਕਣਕ ਨਹੀਂ ਬੀਜਣੀ ਚਾਹੀਦੀ। ਜਿਨ੍ਹਾਂ ਖੇਤਾਂ ਕਣਕ ਦੀ ਬਿਜਾਈ ਨਰਮੇਂ ਦੀ ਖੜ੍ਹੀ ਫਸਲ ਦੇ ਨਾਲ ਹੀ ਕੀਤੀ ਜਾਂਦੀ ਹੈ ਉਨ੍ਹਾਂ ਖੇਤਾਂ ਵਿੱਚੋਂ ਨਰਮੇ ਦੀਆਂ ਛਿਟੀਆਂ ਤੁਰੰਤ ਪੁੱਟ ਲੈਣੀਆਂ ਚਾਹੀਦੀਆਂ ਹਨ।

**4. ਗੁਲਾਬੀ ਸੁੰਡੀ ਦੀ ਫਿਰੋਮੋਨ ਤਕਨੀਕ ਰਾਹੀਂ ਰੋਕਥਾਮ :**

ਗੁਲਾਬੀ ਸੁੰਡੀ ਦੇ ਫਿਰੋਮੋਨ ਗੋਸੀਪਲਊਰ 4% (7, 11 ਹੈਕਸਾਕੇਡਾਈਨਾਇਲ) ਤੇ ਪੇਸਟਨੁਮਾ ਆਧਾਰਿਤ ਉਤਪਾਦ ਕਰੈਮਿਟ ਪੀ ਬੀ ਡਬਲਯੂ/ਨੈਟਮੇਟ ਪੀ ਬੀ ਡਬਲਯੂ ਨੂੰ ਤਿੰਨ ਵਾਰ 125 ਗ੍ਰਾਮ ਪ੍ਰਤੀ ਏਕੜ ਪ੍ਰਤੀ ਡੋਜ਼ ਦੀ ਵਰਤੋਂ ਕਰੋ। ਨਰਮੇ ਦੀ ਫਸਲ ਤੇ ਪਹਿਲੀ ਵਾਰ ਫੁੱਲ-ਡੋਡੀ ਦੀ ਆਮਦ ਤੇ (ਬਿਜਾਈ ਤੋਂ 45-55 ਦਿਨ ਦੇ ਵਕਫੇ ਤੇ) ਇਕ ਏਕੜ ਵਿਚ 400 ਬੂਟਿਆਂ ਤੇ ਇਕਸਾਰ ਲਗਾਇਆ ਜਾਵੇ। ਦੂਜੀ ਅਤੇ ਤੀਜੀ ਡੋਜ਼ ਨੂੰ ਇਕ-ਇੱਕ ਮਹੀਨੇ ਦੇ ਵਕਫੇ ਤੇ ਦੁਹਰਾਇਆ ਜਾਵੇ। ਲਗਾਉਣ ਦੀ ਵਿਧੀ ਅਨੁਸਾਰ ਮਟਰ ਦੇ ਦਾਣੇ ਜਿੰਨਾ ਪੇਸਟਨੁਮਾ ਫੀਰਮੋਨ ਨੂੰ ਬੂਟੇ ਦੇ ਸਿਖਰ ਤੋਂ ਪੰਜਵੀਂ/ਛੇਵੇਂ ਪੱਤੇ ਅਤੇ ਤਣੇ ਦੇ ਜੋੜ ਤੇ ਲਗਾਇਆ ਜਾਵੇ। ਇਸ ਤਕਨੀਕ ਦਾ ਸਰਵੋਤਮ ਲਾਭ ਲੈਣ ਲਈ ਸਹੀ ਸਮੇਂ ਅਤੇ ਵੱਡੇ ਪੱਧਰ ਤੇ ਲਗਾਉਣਾ ਜ਼ਰੂਰੀ ਹੈ। ਜੇਕਰ ਲਗਾਉਣ ਤੋਂ 4-5 ਘੰਟਿਆਂ ਅੰਦਰ ਮੀਂਹ ਪੈ ਜਾਂਦਾ ਹੈ ਤਾਂ ਇਸਦੀ ਵਰਤੋਂ ਦੁਹਰਾਓ।

**5. ਗੁਲਾਬੀ ਸੁੰਡੀ ਦਾ ਸਰਵੇਖਣ**

★ ਗੁਲਾਬੀ ਸੁੰਡੀ ਦੇ ਸਰਵੇਖਣ ਲਈ ਸਟਿਕਾ/ਡੈਲਟਾ ਟਰੈਪ ਮਿੱਲ੍ਹਾਂ ਦੇ ਆਲੇ ਦੁਆਲੇ ਅਤੇ ਨਰਮੇ ਦੇ ਖੇਤਾਂ ਵਿਚ ਲਗਾਓ। ਟਰੈਪ ਫਸਲ ਤੋਂ 15 ਸੈਂਟੀਮੀਟਰ ਉੱਚਾ ਲਗਾਉ। ਲਿਓਰ ਨੂੰ 15 ਦਿਨਾਂ ਬਾਅਦ ਬਦਲੋ ਅਤੇ ਇੱਕ



ਟ੍ਰੈਪ ਪ੍ਰਤੀ ਏਕੜ ਵਰਤੋ।

**6. ਗੁਲਾਬੀ ਸੁੰਡੀ ਦੇ ਆਰਥਿਕ ਨੁਕਸਾਨ ਦੀ ਜਾਂਚ ਕਰਨ ਦੇ ਤਰੀਕੇ**

★ ਜਦੋਂ ਨਰਮੇ ਨੂੰ ਫੁੱਲ ਡੋਡੀ ਲੱਗਣੀ ਸ਼ੁਰੂ ਹੋ ਜਾਵੇ ਤਾਂ ਹਫਤੇ ਦੇ ਵਕਫੇ ਤੇ ਭੰਬੀਰੀ ਬਣੇ ਫੁੱਲਾਂ ਦਾ ਸਰਵੇਖਣ ਕਰੋ।

★ ਖੇਤ ਵਿੱਚੋਂ ਅਲੱਗ ਅਲੱਗ ਜਗ੍ਹਾ ਤੋਂ 100 ਫੁੱਲਾਂ ਦੀ ਜਾਂਚ ਕਰੋ ਇਨ੍ਹਾਂ ਵਿੱਚੋਂ ਉੱਪਰ ਦਿਖਾਏ ਗਏ ਗੁਲਾਬਨੁਮਾ ਫੁੱਲ ਅਤੇ ਸੁੰਡੀ ਦੁਆਰਾ ਨੁਕਸਾਨ ਕੀਤੇ ਗਏ 5 ਫੁੱਲ ਮਿਲਦੇ ਹਨ ਤਾਂ ਗੁਲਾਬੀ ਸੁੰਡੀ ਦੀ ਰੋਕਥਾਮ ਲਈ ਸਪਰੇਅ ਕਰੋ।

★ ਖੇਤ ਵਿੱਚੋਂ ਅਲੱਗ ਅਲੱਗ ਪੌਦਿਆਂ ਵਿੱਚੋਂ 20 ਹਰੇ ਟੀਂਡੇ ਤੋੜ ਕੇ ਟੀਂਡੇ ਵਿਚ ਵੜੀ ਗੁਲਾਬੀ ਸੁੰਡੀ ਨੂੰ ਗਿਣੋ, ਜੇਕਰ ਇਸ ਵਿੱਚੋਂ 2 ਜਾਂ 3 ਤੋਂ ਜ਼ਿਆਦਾ ਸੁੰਡੀਆਂ ਮਿਲਦੀਆਂ ਹਨ ਤਾਂ ਇਸ ਸੁੰਡੀ ਦੀ ਰੋਕਥਾਮ ਲਈ ਸਪਰੇਅ ਕਰੋ।

**ਰਸਾਇਣਿਕ ਰੋਕਥਾਮ :**

★ ਨਰਮੇ ਦੀ 60 ਤੋਂ 120 ਦਿਨ ਦੀ ਫਸਲ ਉੱਪਰ ਗੁਲਾਬੀ ਸੁੰਡੀ ਦਾ ਫੁੱਲਾਂ ਜਾਂ ਟੀਂਡਿਆਂ ਤੇ ਹਮਲਾ 5 ਪ੍ਰਤੀਸ਼ਤ ਤਕ ਪਹੁੰਚ ਜਾਵੇ ਤਾਂ ਇਸ ਦੀ ਰੋਕਥਾਮ ਲਈ 100 ਗ੍ਰਾਮ ਪਰੋਕਲੇਮ 5 ਐਸ ਸੀ (ਐਮਾਮੈਕਟੀਨ ਬੈਨਜ਼ੋਏਟ) ਜਾਂ 500 ਮਿਲੀਲਿਟਰ ਕਿਉਰਾਕਰਾਨ 50 ਈ ਸੀ (ਪ੍ਰੋਫੈਨੋਫੋਸ) ਜਾਂ 200 ਮਿਲੀਲਿਟਰ ਅਵਾਂਟ 14.5 ਐਸ ਸੀ (ਇੰਡੋਕਸਾਕਾਰਬ) ਜਾਂ 250 ਗ੍ਰਾਮ ਲਾਰਵਿਨ 75 ਡਬਲਯੂ ਪੀ (ਥਾਇਓਡੀਕਾਰਬ) ਜਾਂ 800 ਮਿਲੀਲਿਟਰ ਫੋਸਮਾਈਟ 50 ਈ ਸੀ (ਇਥੀਓਨ) ਪ੍ਰਤੀ ਏਕੜ ਦਾ ਛਿੜਕਾਅ ਕਰੋ।

★ ਨਰਮੇ ਦੀ 120 ਤੋਂ 150 ਦਿਨ ਦੀ ਫਸਲ ਉੱਪਰ ਗੁਲਾਬੀ ਸੁੰਡੀ ਦੀ ਰੋਕਥਾਮ ਲਈ 300 ਮਿਲੀਲਿਟਰ ਡੈਨੀਟੋਲ/ਮੀਓਥ੍ਰਿਨ 10 ਈ ਸੀ (ਫੈਨ ਪ੍ਰੋਪੈਥ੍ਰਿਨ) ਜਾਂ 160 ਮਿਲੀਲਿਟਰ ਡੈਸਿਸ 2.8 ਈ ਸੀ (ਡੈਲਟਾਮੈਥਰੀਨ) ਜਾਂ 200 ਮਿਲੀਲਿਟਰ ਸਾਈਪਰਮੈਥਰਿਨ 10 ਈ ਸੀ ਜਾਂ 100 ਮਿਲੀਲਿਟਰ ਫੈਨਵਲਰੇਟ 20 ਈ ਸੀ ਜਾਂ 300 ਮਿਲੀਲਿਟਰ ਬੁਲਡੋਕ 0.25 ਐਸ ਸੀ (ਬੀਟਾ ਸਾਈਫਲੂਥਰੀਨ) ਦਾ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।




### ਗਰਮ ਰੁੱਤੀ
# ਮੂੰਗੀ ਦੀ ਕਾਸ਼ਤ ਵਿੱਚ
## ਪਾਣੀ ਦੀ ਬੱਚਤ ਕਿਵੇਂ ਹੋਵੇ?

ਗਰਮ ਰੁੱਤ ਦੀ ਮੂੰਗੀ ਝੋਨਾ-ਕਣਕ ਫਸਲੀ ਚੱਕਰ ਵਿੱਚ ਇਕ ਢੁੱਕਵੀਂ ਫਲੀਦਾਰ ਫਸਲ ਹੈ। ਇਹ ਪੱਕਣ ਨੂੰ ਘੱਟ ਸਮਾਂ ਲੈਂਦੀ ਹੈ ਅਤੇ 60-62 ਦਿਨਾਂ 'ਚ ਤਿਆਰ ਹੋ ਜਾਂਦੀ ਹੈ। ਇਸ ਨੂੰ ਘੱਟ ਖਾਦ ਤੇ ਘੱਟ ਪਾਣੀ ਲੋੜੀਂਦਾ ਹੈ। ਕਣਕ ਵੱਢਣ ਪਿੱਛੋਂ ਬੀਜੇ ਜਾਣ ਤੋਂ ਇਲਾਵਾ ਆਲੂਆਂ ਤੋਂ ਬਾਅਦ ਵੀ ਇਸ ਦੀ ਸਫਲ ਕਾਸ਼ਤ ਕੀਤੀ ਜਾ ਸਕਦੀ ਹੈ। ਇਸ ਦੀ ਬਿਜਾਈ ਲਈ ਢੁੱਕਵਾਂ ਸਮਾਂ ਭਾਵੇਂ 20 ਮਾਰਚ ਤੋਂ ਸ਼ੁਰੂ ਹੋ ਜਾਂਦਾ ਹੈ ਪਰ ਉਤਪਾਦਕ ਕਣਕ ਵੱਢਣ ਤੋਂ ਬਾਅਦ ਹੁਣ ਵੀ ਇਸ ਦੀ ਲਗਾਈ ਜਾ ਰਹੇ ਹਨ। ਦੇਰੀ ਨਾਲ ਬੀਜਣ 'ਚ ਜੋਖਮ ਇਹੋ ਹੈ ਕਿ ਪੱਕਣ ਵੇਲੇ ਜੇ ਮੌਨਸੂਨ ਸ਼ੁਰੂ ਹੋ ਜਾਵੇ ਅਤੇ ਬਾਰਿਸ਼ਾਂ ਪੈ ਜਾਣ ਤਾਂ ਇਸ ਦੇ ਖਰਾਬ ਹੋਣ ਦਾ ਡਰ ਰਹਿੰਦਾ ਹੈ।

ਮਟਰਾਂ ਦੀ ਫਸਲ ਤੋਂ ਬਾਅਦ ਦੀ ਇਸ ਦੀ ਕਾਸ਼ਤ ਕੀਤੀ ਜਾ ਸਕਦੀ ਹੈ। ਕਿਸਾਨਾਂ ਨੂੰ ਹੁਣ ਤੁਰੰਤ ਹੀ ਇਸ ਨੂੰ ਬੀਜ ਲੈਣਾ ਚਾਹੀਦਾ ਹੈ। ਹੋਰ ਦੇਰੀ ਨਹੀਂ ਕਰਨੀ ਚਾਹੀਦੀ। ਗਰਮ ਰੁੱਤ ਦੀ ਮੂੰਗੀ ਹਰੀ ਖਾਦ ਦਾ ਕੰਮ ਵੀ ਕਰਦੀ ਹੈ। ਇਸ ਨੂੰ ਹਰੀ ਖਾਦ ਦੇ ਤੌਰ 'ਤੇ ਇਸਤੇਮਾਲ ਕਰ ਕੇ ਅਗਲੀ ਬੀਜਣ ਵਾਲੀ ਫਸਲ ਬਾਸਮਤੀ ਜਾਂ ਝੋਨੇ ਨੂੰ ਘੱਟ ਯੂਰੀਆ ਪਾਉਣ ਦੀ ਲੋੜ ਹੈ। ਤਕਰੀਬਨ 25 ਪ੍ਰਤੀਸ਼ਤ ਯੂਰੀਏ ਦੀ ਬੱਚਤ ਹੋ ਜਾਂਦੀ ਹੈ। ਜੇ ਇਹ ਆਲੂਆਂ ਦੀ ਫਸਲ ਤੋਂ ਪਿੱਛੋਂ ਬੀਜੀ ਗਈ ਹੋਵੇ ਤਾਂ ਇਸ ਨੂੰ ਉੱਕਾ ਹੀ ਕੋਈ ਖਾਦ ਪਾਉਣ ਦੀ ਲੋੜ ਨਹੀਂ। ਉਂਝ ਇਸ ਦੀ ਖਾਦ ਦੀ ਲੋੜ ਕੇਵਲ 11 ਕਿਲੋ ਯੂਰੀਆ (5 ਕਿਲੋ ਨਾਈਟ੍ਰੋਜਨ ਤੱਤ) ਅਤੇ 100 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਹੈ। ਪਾਣੀ ਦੀ ਬੱਚਤ ਅਤੇ ਜ਼ਮੀਨ ਦੀ ਸਿਹਤ ਬਿਹਤਰ ਬਣਾਉਣ ਲਈ ਵੀ ਗਰਮ ਰੁੱਤ ਦੀ ਮੂੰਗੀ ਅਨੁਕੂਲ ਫਸਲ ਹੈ।

ਪੀ. ਏ. ਯੂ. ਤੋਂ ਸਨਮਾਨਿਤ ਅਗਾਂਹਵਧੂ ਕਿਸਾਨ ਬਲਬੀਰ ਸਿੰਘ ਜੜ੍ਹੀਆ, ਧਰਮਗੜ੍ਹ ਕਹਿੰਦਾ ਹੈ ਕਿ ਉਹ ਕਣਕ ਵੱਢ ਹੁਣ ਗਰਮ ਰੁੱਤ ਦੀ ਮੂੰਗੀ (ਜਿਸ ਨੂੰ 'ਸੱਠੀ' ਵੀ ਕਿਹਾ ਜਾਂਦਾ ਹੈ) ਕਾਸ਼ਤ ਬੈੱਡਾਂ 'ਤੇ ਕਰਦਾ ਹੈ, ਜਿਸ ਉਪਰੰਤ ਇਸ ਦੀ ਪਾਣੀ ਦੀ ਲੋੜ ਬਹੁਤ ਘੱਟ ਜਾਂਦੀ ਹੈ, ਕਿਉਂਕਿ ਅਗਲੇ ਮਹੀਨਿਆਂ 'ਚ ਬਿਜਲੀ ਦੇ ਕੱਟ ਵੀ ਲੱਗਣਗੇ। ਇਸ ਲਈ ਟਿਊਬਵੈੱਲਾਂ ਦਾ ਪਾਣੀ ਵੀ ਘੱਟ ਉਪਲੱਬਧ ਹੋਵੇਗਾ। ਬੈੱਡਾਂ 'ਤੇ ਇਸ ਦੀ ਕਾਸ਼ਤ ਕਰ ਕੇ ਪਾਣੀ ਦੀ ਬਹੁਤ ਬੱਚਤ ਹੋ ਜਾਵੇਗੀ। ਇਸ ਦੀ ਪਾਣੀ ਦੀ ਲੋੜ ਤਕਰੀਬਨ 3000 ਕਿਊਬਿਕ ਮੀਟਰ ਤੱਕ ਦੀ ਹੈ ਜਦੋਂ ਕਿ ਮੱਕੀ ਦੀ ਪਾਣੀ ਦੀ ਲੋੜ 13500 ਕਿਊਬਿਕ ਮੀਟਰ ਤੱਕ ਦੀ ਹੈ। ਗਰਮ ਰੁੱਤ ਦੀ ਮੂੰਗੀ ਦੀ ਕਾਸ਼ਤ ਕਪਾਹ-ਨਰਮੇ ਦੀ ਪੱਟੀ 'ਚ ਨਹੀਂ ਕਰਨੀ ਚਾਹੀਦੀ।

ਜ਼ਮੀਨ ਦੀ ਕਿਸਮ ਅਤੇ ਮੌਸਮ ਮੁਤਾਬਕ ਇਸ ਫਸਲ ਨੂੰ ਤਿੰਨ ਤੋਂ ਪੰਜ ਪਾਣੀਆਂ ਦੀ ਲੋੜ ਪੈਂਦੀ ਹੈ। ਜਦੋਂ ਫਸਲ 50-55 ਦਿਨ ਦੀ ਹੋ ਜਾਵੇ ਤਾਂ ਪਾਣੀ ਦੇਣਾ ਬੰਦ ਕਰ ਦੇਣਾ ਚਾਹੀਦਾ ਹੈ। ਪਹਿਲਾਂ ਪਾਣੀ ਬਿਜਾਈ ਤੋਂ 25 ਦਿਨ ਬਾਅਦ ਦੇਣਾ ਚਾਹੀਦਾ ਹੈ। ਜੇ ਸਿੰਚਾਈ ਤੇ ਬਿਜਾਈ ਪੀ.ਏ.ਯੂ. ਵਲੋਂ ਸਿਫਾਰਸ਼ ਢੰਗ ਅਪਣਾ ਕੇ ਕੀਤੀ ਜਾਵੇ ਤਾਂ ਝਾੜ ਵੱਧ ਨਿਕਲਦਾ ਹੈ ਅਤੇ ਫਲੀਆਂ ਇਕਸਾਰ ਪੱਕਦੀਆਂ ਹਨ। ਗਰਮ ਰੁੱਤ ਦੀ ਮੂੰਗੀ ਦੀ ਫਸਲ ਦੀ ਕਾਸ਼ਤ ਥੱਲੇ ਰਕਬਾ ਵਧਾਉਣ ਦਾ ਇਕ ਮੁੱਖ ਫਾਇਦਾ ਇਹ ਹੋਵੇਗਾ ਕਿ ਜਿੱਥੇਜ਼ਮੀਨ ਦੀ ਉਪਜਾਊ ਸ਼ਕਤੀ ਹੋਵੇਗੀ, ਉੱਥੇ ਕਿਸਾਨ ਅਗੇਤਾ ਝੋਨਾ ਪੰਜਾਬ ਪ੍ਰੀਜ਼ਰਵੇਸ਼ਨ ਆਫ ਸਬ-ਸੁਆਇਲ ਵਾਟਰ ਐਕਟ, 2009 ਥੱਲੇ ਮਿੱਥੀ ਗਈ ਮਿਤੀ ਤੋਂ ਪਹਿਲਾਂ ਨਹੀਂ ਲਗਾਉਣਗੇ ਅਤੇ ਨਾ ਹੀ ਪਨੀਰੀ ਨੂੰ ਅਗੇਤੀ ਬੀਜਣਗੇ, ਜਿਸ ਨਾਲ ਪਾਣੀ ਦੀ ਦੋਹਰੀ ਬੱਚਤ ਹੋਵੇਗੀ।


ਭਗਵਾਨ ਦਾਸ

ਗਰਮ ਰੁੱਤ ਦੀ ਮੂੰਗੀ ਦੇ ਬੂਟੇ ਸਿੱਧੇ ਅਤੇ ਦਰਮਿਆਨੀ ਉਚਾਈ ਦੇ ਹੁੰਦੇ ਹਨ। ਇਸ ਨੂੰ ਭਰਪੂਰ ਫਲੀਆਂ ਲਗਦੀਆਂ ਹਨ। ਇਕ ਫਲੀ 'ਚ 10-11 ਦਾਣੇ ਹੁੰਦੇ ਹਨ। ਦਾਣੇ ਚਮਕੀਲੇ ਹਰੇ ਅਤੇ ਦਰਮਿਆਨੇ ਮੋਟੇ ਹੁੰਦੇ ਹਨ। ਇਸ ਦੀ ਦਾਲ ਸੁਆਦੀ ਬਣਦੀ ਹੈ। ਗਰਮ ਰੁੱਤ ਦੀ ਮੂੰਗੀ ਦੀ ਬਿਜਾਈ ਲਈ ਪੀ. ਏ. ਯੂ. ਵੱਲੋਂ ਐਸ. ਐਮ. ਐਲ-1827, ਐਸ. ਐਮ. ਐਲ-832, ਅਤੇ ਐਸ. ਐਮ. ਐਲ-668 ਕਿਸਮਾਂ ਸਿਫਾਰਸ਼ ਕੀਤੀਆਂ ਗਈਆਂ ਹਨ। ਐਸ. ਐਮ. ਐਲ-1827 ਦਾ ਔਸਤ ਝਾੜ 5 ਕੁਇੰਟਲ ਪ੍ਰਤੀ ਏਕੜ ਹੈ ਅਤੇ ਇਹ ਕਿਸਮ ਤਕਰੀਬਨ 62 ਦਿਨਾਂ 'ਚ ਪੱਕ ਜਾਂਦੀ ਹੈ। ਦੂਜੀਆਂ ਸਿਫਾਰਸ਼ ਕੀਤੀਆਂ ਕਿਸਮਾਂ ਦਾ ਝਾੜ ਤਰਤੀਬਵਾਰ 4.6 ਕੁਇੰਟਲ ਅਤੇ 4.5 ਕੁਇੰਟਲ ਪ੍ਰਤੀ ਏਕੜ ਹੈ। ਐਸ. ਐਮ. ਐਲ-668 ਕਿਸਮ ਦੇ ਦਾਣੇ ਮੋਟੇ ਹੁੰਦੇ ਹਨ ਅਤੇ ਸੁਆਦਲੇ ਬਣਦੇ ਹਨ ਇਹ ਕਿਸਮ ਪੱਕਣ ਲਈ 60 ਦਿਨ ਲੈਂਦੀ ਹੈ। ਐਸ. ਐਮ. ਐਲ-668 ਕਿਸਮ ਲਈ 15 ਕਿਲੋ ਬੀਜ ਪ੍ਰਤੀ ਏਕੜ ਲੋੜੀਂਦਾ ਹੈ। ਬੀਜ ਨੂੰ ਬਿਜਾਈ ਤੋਂ ਪਹਿਲਾਂ ਜੀਵਾਣੂੰ ਖਾਦ ਦਾ ਟੀਕਾ ਲਗਾਉਣ ਦੀ ਲੋੜ ਹੈ। ਕਣਕ ਦੀ ਨਾੜ 'ਚ ਗਰਮ ਰੁੱਤ ਦੀ ਮੂੰਗੀ ਦੀ ਮੂੰਗੀ ਹੈਪੀ ਸੀਡਰ ਨਾਲ ਵੀ ਕੀਤੀ ਜਾ ਸਕਦੀ ਹੈ। ਦਰਮਿਆਨੀਆਂ ਅਤੇ ਭਾਰੀਆਂ ਜ਼ਮੀਨਾਂ ਉੱਤੇ ਇਸ ਦੀ ਬਿਜਾਈ ਬੈੱਡ ਪਲਾਂਟਰ ਨਾਲ 67.5 ਸੈਂਟੀਮੀਟਰ ਵਿੱਥ 'ਤੇ ਤਿਆਰ ਕੀਤੇ ਬੈੱਡਾਂ ਉੱਤੇ ਕੀਤੀ ਜਾ ਸਕਦੀ ਹੈ। ਦੋ ਕਤਾਰਾਂ ਪ੍ਰਤੀ ਬੈੱਡ 20 ਸੈਂਟੀਮੀਟਰ ਦੀ ਵਿੱਥ 'ਤੇ ਹੋਣੀਆਂ ਚਾਹੀਦੀਆਂ ਹਨ। ਸਿੰਜਾਈ ਖਾਲਾਂ ਦੁਆਰਾ ਹੀ ਕੀਤੀ ਜਾਵੇ ਤਾਂ ਜੋ ਪਾਣੀ ਬੈੱਡ ਦੇ ਉਪਰੋਂ ਦੀ ਨਾ ਲੰਘੇ। ਪੀ. ਏ. ਯੂ. ਅਨੁਸਾਰ ਅਜਿਹਾ ਕਰਨ ਨਾਲ ਫਸਲ ਨੂੰ ਉੱਗਣ ਸਮੇਂ ਨਾ ਕੇਵਲ ਮੀਂਹ ਦੇ ਨੁਕਸਾਨ ਤੋਂ ਹੀ ਬਚਾਇਆ ਜਾ ਸਕੇਗਾ, ਸਗੋਂ ਪੱਧਰੀ ਬਿਜਾਈ ਦੇ ਮੁਕਾਬਲੇ 10 ਪ੍ਰਤੀਸ਼ਤ ਵੱਧ ਝਾੜ ਪ੍ਰਾਪਤ ਹੋਵੇਗਾ 20 ਤੋਂ 30 ਪ੍ਰਤੀਸ਼ਤ ਪਾਣੀ ਦੀ ਬੱਚਤ ਹੋਵੇਗੀ।

ਦੂਜੀਆਂ ਕਿਸਮਾਂ 62-65 ਦਿਨ ਲੈਂਦੀਆਂ ਹਨ। ਪਰ ਇਨ੍ਹਾਂ ਸਾਰੀਆਂ ਕਿਸਮਾਂ ਦੀ ਮੂੰਗੀ ਨੂੰ ਸੱਠੀ ਮੂੰਗੀ ਕਿਹਾ ਜਾਂਦਾ ਹੈ। ਐਸ. ਐਮ. ਐਲ-668 ਕਿਸਮ ਦਾ ਏਕੜ ਵਿੱਚ 15 ਕਿਲੋ ਬੀਜ ਅਤੇ ਟੀ ਐਮ ਬੀ-37 ਅਤੇ ਐਸ. ਐਮ. ਐਲ-832 ਕਿਸਮਾਂ ਦਾ 12 ਕਿਲੋ ਬੀਜ ਪਾਉਣਾ ਚਾਹੀਦਾ ਹੈ। ਬਿਜਾਈ ਦਾ ਫਾਸਲਾ 22.5 ਸੈਂਮੀ. ਬੀਜ ਡਰਿਲ ਨੂੰ 4.6 ਸੈਂਮੀ. ਡੂੰਘਾ ਰੱਖ ਕੇ ਬਿਜਾਈ ਕਰ ਦੇਣੀ ਚਾਹੀਦੀ ਹੈ। ਕਣਕ ਵੱਢ ਕੇ ਬਿਨਾਂ ਜ਼ਮੀਨ ਤਿਆਰ ਕੀਤੇ ਜ਼ੀਰੋ ਡਰਿਲ ਨਾਲ ਬਿਜਾਈ ਕੀਤੀ ਜਾ ਸਕਦੀ ਹੈ ਅਤੇ ਕੰਬਾਈਨ ਨਾਲ ਵੱਢੀ ਕਣਕ 'ਚ ਬਿਜਾਈ ਲਈ ਹੈਪੀ ਸੀਡਰ ਵੀ ਵਰਤਿਆ ਜਾ ਸਕਦਾ ਹੈ। ਮੂੰਗੀ ਦੀ ਫਸਲ 'ਤੇ ਨਦੀਨਾਂ ਦੀ ਕਾਫੀ ਸਮੱਸਿਆ ਹੈ, ਜਿਨ੍ਹਾਂ 'ਤੇ ਵਧੇਰੇ ਝਾੜ ਲੈਣ ਲਈ, ਸਮੇਂ ਸਿਰ ਦਵਾਈਆਂ ਰਾਹੀਂ ਜਾਂ ਹੱਥੀਂ ਕੱਢਕੇ ਕਾਬੂ ਪਾਉਣ ਦੀ ਲੋੜ ਹੈ।

ਨਦੀਨਾਂ ਦੀ ਰੋਕਥਾਮ ਲਈ 1 ਤੋਂ 2 ਗੋਡੀਆਂ ਜ਼ਰੂਰੀ ਹਨ। ਪਹਿਲੀ ਗੋਡੀ ਬਿਜਾਈ ਤੋਂ 4 ਹਫਤੇ ਬਾਅਦ ਅਤੇ ਦੂਜੀ ਗੋਡੀ (ਜੇ ਲੋੜ ਪਵੇ ਤਾਂ) ਉਸ ਤੋਂ 2 ਹਫਤੇ ਪਿੱਛੋਂ ਕਰਨੀ ਚਾਹੀਦੀ ਹੈ। ਫਸਲ ਜਦੋਂ 80 ਪ੍ਰਤੀਸ਼ਤ ਫਲੀਆਂ ਪੱਕ ਜਾਣ ਵੱਢ ਲੈਣੀ ਚਾਹੀਦੀ ਹੈ। ਗਰਮ ਰੁੱਤ ਦੀ ਮੂੰਗੀ ਨੂੰ ਥਰਿੱਪ, ਫਲੀ ਛੇਦਕ ਸੁੰਡੀ, ਤੰਬਾਕੂ ਸੁੰਡੀ ਜਿਹੇ ਕੀੜਿਆਂ ਦਾ ਹਮਲਾ ਹੁੰਦਾ ਹੈ ਅਤੇ ਚਿਤਕਬਰਾ ਰੋਗ, ਜੜ੍ਹਾਂ ਦੇ ਗਲਣ ਦਾ ਰੋਗ ਅਤੇ ਝੁਲਸ ਰੋਗ ਵੀ ਆਉਂਦੇ ਹਨ। ਇਨ੍ਹਾਂ ਨੂੰ ਰੋਕਣ ਲਈ ਕਿਸਾਨਾਂ ਨੂੰ ਮਾਹਿਰਾਂ ਦੀ ਸਲਾਹ ਅਨੁਸਾਰ ਕਾਰਵਾਈ ਤੇ ਸਪਰੇਅ ਕਰਨੇ ਚਾਹੀਦੇ ਹਨ। ਰੋਕਥਾਮ ਲਈ ਫਸਲ ਦੇ ਆਰੰਭ ਵਿਚ ਰੋਗੀ ਬੂਟੇ ਕੱਢ ਦੇਣੇ ਚਾਹੀਦੇ ਹਨ।

ਬਿਜਾਈ ਲਈ ਸਿਆੜਾਂ ਵਿਚ ਫਾਸਲਾ 22.5 ਸੈਂਟੀਮੀਟਰ ਅਤੇ ਬੂਟੇ ਤੋਂ ਬੂਟੇ ਦਾ ਫਾਸਲਾ 7 ਸੈਂਟੀਮੀਟਰ ਰੱਖਣਾ ਚਾਹੀਦਾ ਹੈ। ਬੀਜ, ਡਰਿੱਲ, ਜ਼ੀਰੋ ਟਿੱਲ ਡਰਿੱਲ ਜਾਂ ਹੈਪੀਸੀਡਰ ਨਾਲ 4 ਤੋਂ 6 ਸੈਂਟੀਮੀਟਰ ਬੀਜਣੇ ਚਾਹੀਦੇ ਹਨ।

# ਖੁਸ਼ਬੂਦਾਰ ਰਜਨੀਗੰਧਾ ਉਗਾਓ ਅਤੇ ਮੁਨਾਫਾ ਪਾਓ

ਮਧੂ ਬਾਲਾ, ਵਿਗਿਆਨੀ, ਰਿਸ਼ੂ ਸ਼ਰਮਾ, ਫਲੌਰੀਕਲਚਰ ਅਤੇ ਲੈਂਡਸਕੇਪਿੰਗ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 87279-29902)

ਰਜਨੀਗੰਧਾ ਇਕ ਅਜਿਹੀ ਖੁਸ਼ਬੂਦਾਰ ਫੁੱਲਾਂ ਵਾਲੀ ਫਸਲ ਹੈ ਜਿਸ ਦੀ ਵਰਤੋਂ ਡੰਡੀਰਹਿਤ ਫੁਲਾਂ ਦੇ ਰੂਪ ਵਿਚ ਕੀਤੀ ਜਾਂਦੀ ਹੈ। ਡੰਡੀਰਹਿਤ ਫੁੱਲ ਹਾਰ ਅਤੇ ਲੜੀਆਂ ਬਣਾਉਣ ਲਈ ਅਤੇ ਫੁੱਲਾਂ ਦੇ ਗਹਿਣੇ ਦੇ ਰੂਪ ਵਿਚ ਵਰਤੇ ਜਾਂਦੇ ਹਨ। ਇਸ ਤੋਂ ਇਲਾਵਾ ਡੰਡੀਦਾਰ ਫੁੱਲ, ਗੁੱਲਦਸਤੇ ਬਣਾਉਣ ਅਤੇ ਫੁੱਲਦਾਨ ਦੀ ਸਜਾਵਟ ਲਈ ਵਰਤੇ ਜਾਂਦੇ ਹਨ। ਰਜਨੀਗੰਧਾ ਦੇ ਫੁੱਲ ਸਿੰਗਲ ਅਤੇ ਡਬਲ ਕਿਸਮ ਦੇ ਹੁੰਦੇ ਹਨ। ਸਿੰਗਲ ਕਿਸਮਾਂ ਜ਼ਿਆਦਾ ਖੁਸ਼ਬੂਦਾਰ ਹੁੰਦੀਆਂ ਹਨ ਜਿਹਨਾਂ ਦੀ ਵਰਤੋਂ ਤੇਲ ਕੱਢਣ ਲਈ ਕੀਤੀ ਜਾਂਦੀ ਹੈ ਜੋ ਕਿ ਅਤਰ ਬਣਾਉਣ ਵਿਚ ਅਹਿਮ ਰੋਲ ਨਿਭਾਉਂਦਾ ਹੈ। ਵਪਾਰਕ ਪੱਖ ਤੋਂ ਮੰਡੀ ਵਿਚ ਡੰਡੀਦਾਰ ਫੁੱਲ 2-8 ਰੁਪਏ ਪ੍ਰਤੀ ਡੰਡੀ ਅਤੇ ਡੰਡੀਰਹਿਤ ਫੁੱਲ 50-100 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਵੇਚੇ ਜਾ ਸਕਦੇ ਹਨ। ਰਜਨੀਗੰਧਾ ਦੀ ਫਸਲ ਲਗਾਉਣ ਤੋਂ ਬਾਅਦ ਦੋ ਸਾਲ ਲਈ ਫੁੱਲ ਲਏ ਜਾ ਸਕਦੇ ਹਨ।

**ਪੀ. ਏ. ਯੂ. ਲੁਧਿਆਣਾ ਦੁਆਰਾ ਸਿਫਾਰਿਸ਼ ਕੀਤੀ ਕਿਸਮ :**

**ਅਰਕਾ ਪ੍ਰਜਵਲ** : ਇਸ ਕਿਸਮ ਦੇ ਫੁੱਲ ਸਿੰਗਲ ਅਤੇ ਜ਼ਿਆਦਾ ਖੁਸ਼ਬੂਦਾਰ ਹੁੰਦੇ ਹਨ। ਇਸ ਦੇ ਫੁੱਲ ਚਿੱਟੇ ਅਤੇ ਡੋਡੀਆਂ ਗੁਲਾਬੀ ਭਾਅ ਮਾਰਦੀਆਂ ਹਨ। ਇਹ ਕਿਸਮ ਇੱਕੋ ਬਿਜਾਈ ਤੋਂ ਪਹਿਲੇ ਸਾਲ 114 ਦਿਨਾਂ ਬਾਅਦ ਅਤੇ ਦੂਜੇ ਸਾਲ 94 ਦਿਨਾਂ ਬਾਅਦ ਫੁੱਲ ਦੇਣਾ ਸ਼ੁਰੂ ਕਰ ਦਿੰਦੀ ਹੈ। ਡੰਡੀ ਦੀ ਲੰਬਾਈ 87 ਸੈਂ. ਮੀ. ਅਤੇ ਪ੍ਰਤੀ ਡੰਡੀ 41 ਫੁੱਲ ਲਗਦੇ ਹਨ। ਇਸ ਕਿਸਮ ਡੰਡੀਰਹਿਤ ਫੁੱਲਾਂ ਦੇ ਉਤਪਾਦਨ ਅਤੇ ਤੇਲ ਕੱਢਣ ਲਈ ਵਰਤੀ ਜਾਂਦੀ ਹੈ।

**ਸਫਲ ਕਾਸ਼ਤ ਲਈ ਜ਼ਰੂਰੀ ਜਾਣਕਾਰੀ :**

**ਔਸਤਨ ਤਾਪਮਾਨ** : 20 ਤੋਂ 30 ਡਿਗਰੀ ਸੈਂਟੀਗਰੇਡ

**ਜ਼ਮੀਨ** : ਚੰਗੇ ਜਲ ਨਿਕਾਸ ਵਾਲੀ ਮੱਲੜ੍ਹ ਭਰਪੂਰ ਰੇਤਲੀ ਮੈਰਾ ਜ਼ਮੀਨ ਪੀ. ਐੱਚ. 6.5 ਤੋਂ 7.0

**ਬਿਜਾਈ ਦਾ ਸਮਾਂ, ਢੰਗ ਅਤੇ ਫਾਸਲਾ** : ਰਜਨੀਗੰਧਾ ਦੀ ਬਿਜਾਈ ਮਾਰਚ-ਅਪ੍ਰੈਲ ਦੇ ਮਹੀਨਿਆਂ ਵਿਚ ਗੰਢਿਆਂ ਰਾਹੀਂ ਕੀਤੀ ਜਾਂਦੀ ਹੈ। ਕਤਾਰ ਅਤੇ ਬੂਟਿਆਂ ਵਿਚਲਾ ਫਾਸਲਾ 30 ਸੈਂ. ਮੀ. × 30 ਸੈਂ. ਮੀ ਅਤੇ ਗੰਢਿਆਂ ਨੂੰ 5 ਤੋਂ 7 ਸੈਂ. ਮੀ. ਡੂੰਘਾ ਲਗਾਇਆ ਜਾਂਦਾ ਹੈ।

**ਖਾਦਾਂ** : 8 ਟਨ ਰੂੜੀ ਖਾਦ (ਬਿਜਾਈ ਤੋਂ ਇਕ ਮਹੀਨਾ ਪਹਿਲਾਂ); 60 ਕਿਲੋ ਫਾਸਫੋਰਸ ਅਤੇ 80 ਕਿਲੋ ਗ੍ਰਾਮ ਪੋਟਾਸ਼ (ਬਿਜਾਈ ਸਮੇ); 60 ਕਿਲੋ ਗ੍ਰਾਮ ਨਾਈਟ੍ਰੋਜਨ (ਦੋ ਵਾਰ ਬਿਜਾਈ ਤੋਂ ਬਾਅਦ ਇਕ-ਇਕ ਮਹੀਨੇ ਦੇ ਫਾਸਲੇ 'ਤੇ) ਪ੍ਰਤੀ ਏਕੜ ਦੇ ਹਿਸਾਬ ਨਾਲ ਮਿੱਟੀ ਵਿਚ ਰਲਾਈ ਜਾਂਦੀ ਹੈ।

**ਜ਼ਰੂਰੀ ਗਤੀਵਿਧੀਆਂ** : ਚੰਗੀ ਫਸਲ ਲੈਣ ਲਈ ਜ਼ਮੀਨ ਵਿਚ ਭਰਪੂਰ ਨਮੀਂ ਹੋਣੀ ਚਾਹੀਦੀ ਹੈ। ਨਦੀਨਾਂ ਦੀ ਰੋਕਥਾਮ ਲਈ ਤਿੰਨ ਤੋਂ ਚਾਰ ਗੁਡਾਈਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

**ਫੁੱਲਾਂ ਦੀ ਤੁੜਾਈ ਅਤੇ ਵਰਤੋਂ** : ਫੁੱਲਾਂ ਦੀ ਤੁੜਾਈ ਜੂਨ ਤੋਂ ਅਕਤੂਬਰ ਵਿਚ ਕੀਤੀ ਜਾਂਦੀ ਹੈ। ਡੰਡੀਦਾਰ ਫੁੱਲਾਂ ਦੀ ਤੁੜਾਈ ਹੇਠਲੇ ਫੁੱਲ ਖੁੱਲ੍ਹਣ ਤੇ ਅਤੇ ਡੰਡੀਰਹਿਤ ਫੁੱਲਾਂ ਦੀ ਫੁੱਲ ਪੂਰੇ ਖੁੱਲ੍ਹੇ ਹੋਣ ਤੇ ਕੀਤੀ ਜਾਂਦੀ ਹੈ। ਕੱਟੀਆਂ ਡੰਡੀਆਂ ਫੁੱਲਦਾਨ ਵਿੱਚ 5-7 ਦਿਨਾਂ ਜਦੋਂ ਕਿ ਡੰਡੀਰਹਿਤ ਫੁੱਲ 2-3 ਦਿਨਾਂ ਲਈ ਤਾਜ਼ੇ ਰੱਖੇ ਜਾ ਸਕਦੇ ਹਨ।



**ਝਾੜ** : ਡੰਡੀਦਾਰ ਫੁੱਲਾਂ ਦਾ ਪ੍ਰਤੀ ਏਕੜ 20,000-60000 ਡੰਡੀਆਂ ਅਤੇ ਡੰਡੀਰਹਿਤ ਫੁੱਲਾਂ ਦਾ 5-8 ਕੁਇੰਟਲ ਹੁੰਦਾ ਹੈ।

**ਗੰਢਿਆਂ ਦੀ ਪੁਟਾਈ** : ਦੂਜੇ ਸਾਲ ਫੁੱਲਾਂ ਦੀ ਤੁੜਾਈ ਤੋਂ 40 ਤੋਂ 45 ਦਿਨਾਂ ਬਾਅਦ ਗੰਢੇ ਅਤੇ ਗੰਢਿਆਂ ਦੀ ਅਲੱਗ ਕਰਕੇ ਅਗਲੀ ਬਿਜਾਈ ਲਈ ਵਰਤੇ ਜਾ ਸਕਦੇ ਹਨ। ਗੰਢਿਆਂ ਦਾ ਔਸਤਨ ਝਾੜ ਲਗਭਗ 80 ਹਜ਼ਾਰ ਪ੍ਰਤੀ ਏਕੜ ਹੁੰਦਾ ਹੈ।

## ਵਧੇਰੇ ਮੁਨਾਫਾ ਅਤੇ ਮਿਆਰ ਲਈ

# ਹਲਦੀ ਦੀ ਪ੍ਰੋਸੈਸਿੰਗ ਆਪ ਕਰੋ



ਤਰਸੇਮ ਚੰਦ ਅਤੇ ਸੰਜੀਵ ਰਤਨ ਸ਼ਰਮਾ, ਪ੍ਰੋਸੈਸਿੰਗ ਅਤੇ ਭੋਜਨ ਇੰਜੀਨੀਅਰਿੰਗ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 97799-00640)

ਪੰਜਾਬ ਵਿਚ ਕਿਸਾਨ ਹਲਦੀ ਦੀ ਖੇਤੀ ਵਿਚ ਤਾਂ ਕਾਫੀ ਮਿਹਨਤ ਕਰਦੇ ਹਨ ਪਰ ਇਸਦੀ ਪ੍ਰੋਸੈਸਿੰਗ ਕਰਨ ਤੋਂ ਕੰਨੀ ਕਤਰਾਉਂਦੇ ਹਨ। ਆਮ ਤੌਰ 'ਤੇ ਪਿਛਲੇ 4-5 ਸਾਲ ਵਿਚ ਦੇਖਿਆ ਗਿਆ ਹੈ। ਕਿਸਾਨ ਨੂੰ ਕੱਚੀ ਹਲਦੀ ਦਾ ਭਾਅ ਬਹੁਤ ਘੱਟ ਮਿਲਦਾ ਹੈ। ਇਸਦਾ ਮੁੱਖ ਕਾਰਨ ਸਾਡੇ ਘਰਾਂ ਵਿਚ ਹਲਦੀ ਦੀ ਵਰਤੋਂ ਇਸਦੇ ਪਾਊਡਰ ਦੇ ਤੌਰ 'ਤੇ ਹੁੰਦੀ ਹੈ, ਨਾ ਕਿ ਕੱਚੀ ਹਲਦੀ ਦੇ ਤੌਰ ਤੇ। ਇਸ ਤੋਂ ਇਲਾਵਾ ਕੋਈ ਵੱਡਾ ਕਾਰਖਾਨਾ ਵੀ ਪੰਜਾਬ ਵਿਚ ਨਹੀਂ ਹੈ ਜਿਸ



ਕਰਕੇ ਕੱਚੇ ਮਾਲ ਦੀ ਖਪਤ ਨਹੀਂ ਹੁੰਦੀ। ਜੇ ਕਿਸਾਨ ਕਾਸ਼ਤ ਦੇ ਨਾਲ ਨਾਲ ਪ੍ਰੋਸੈਸਿੰਗ ਦਾ ਕੰਮ ਵੀ ਆਪਣੇ ਹੱਥ ਵਿਚ ਲੈ ਲਵੇ ਤਾਂ ਉਹ ਆਪਣੀ ਆਮਦਨ ਲਗਭਗ ਦੁੱਗਣੀ ਕਰ ਸਕਦਾ ਹੈ। ਪਰ ਇਸ ਦੀ ਵਰਤੋਂ ਲਈ ਇਸ ਨੂੰ ਸੁਕਾਉਣਾ, ਪ੍ਰੋਸੈਸ ਕਰਨਾ ਅਤੇ ਪੀਸਣਾ ਹੁੰਦਾ ਹੈ। ਇਸ ਲਈ ਕਿਸਾਨ ਨੂੰ 10-11 ਮਹੀਨਿਆਂ ਦੀ ਹਲਦੀ ਦੀ ਕਾਸ਼ਤ ਤੋਂ ਬਾਅਦ 1-2 ਮਹੀਨੇ ਇਸਦੀ ਪ੍ਰੋਸੈਸਿੰਗ ਕਰਨੀ ਹੋਵੇਗੀ। ਕਈ ਅਗਾਂਹਵਧੂ ਕਿਸਾਨ ਇਸ ਕੰਮ ਲਈ ਅੱਗੇ ਵੀ ਆ ਰਹੇ ਹਨ। ਪਰ ਇਸ ਲਈ ਕਿਸਾਨਾਂ ਨੂੰ ਮਸ਼ੀਨਾਂ ਲੈਣ ਲਈ ਨਵੇਂ ਖਰਚੇ ਦਾ ਸਾਹਮਣਾ ਕਰਨਾ ਪੈਂਦਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਹਲਦੀ ਪ੍ਰੋਸੈਸਿੰਗ ਲਈ ਕਈ ਬਹੁਤ ਘੱਟ ਕੀਮਤ ਵਾਲੀਆਂ ਮਸ਼ੀਨਾਂ ਅਤੇ ਤਕਨੀਕਾਂ ਵਿਕਸਿਤ ਕੀਤੀਆਂ ਗਈਆਂ ਹਨ ਜਿਨ੍ਹਾਂ ਦੀ ਮੱਦਦ ਨਾਲ ਪ੍ਰੋਸੈਸਿੰਗ ਦਾ ਕੰਮ ਸਹੀ ਢੰਗ ਨਾਲ ਕੀਤਾ ਜਾ ਸਕਦਾ ਹੈ। ਹਲਦੀ ਦੀ ਪ੍ਰੋਸੈਸਿੰਗ ਕਰਨ ਵਾਲੇ ਕਈ ਤਰ੍ਹਾਂ ਦੀਆਂ ਕਿਰਿਆਵਾਂ ਕੀਤੀਆਂ ਜਾਂਦੀਆਂ ਹਨ ਜਿਵੇਂ ਕਿ ਹਲਦੀ ਨੂੰ ਧੋਣਾ, ਉਬਾਲਣਾ, ਸੁਕਾਉਣਾ ਆਦਿ। ਇਹਨਾਂ ਸਾਰੀਆਂ ਵਿਧੀਆਂ ਨੂੰ ਹੇਠਾ ਵਿਸਤਾਰ ਨਾਲ ਸਮਝਾਇਆ ਗਿਆ ਹੈ।

### ਹਲਦੀ ਦਾ ਧੋਣਾ

ਹਲਦੀ ਦੀਆਂ ਗੰਢੀਆਂ ਉੱਪਰੋਂ ਮਿੱਟੀ, ਦਵਾਈਆਂ ਦੀ ਰਹਿੰਦ ਖੂੰਹਦ ਅਤੇ ਹੋਰ ਗੈਰ-ਲੋੜੀਂਦੇ ਪਦਾਰਥ ਪਾਣੀ ਨਾਲ ਧੋ ਕੇ ਸਾਫ ਕਰ ਦਿੱਤੇ ਜਾਂਦੇ ਹਨ। ਹਲਦੀ ਨੂੰ ਧੋਣ ਲਈ ਗੰਢੀਆਂ ਨੂੰ ਰਾਤ ਭਰ ਪਾਣੀ ਵਿਚ ਡੁਬੋ ਕੇ ਰੱਖਿਆ ਜਾਂਦਾ ਹੈ। ਇਸ ਉਪਰੰਤ ਗੰਢੀਆਂ ਨੂੰ ਬਾਹਰ ਕੱਢ ਕੇ ਇਸ ਤੇ ਪਾਣੀ ਦੇ ਛਿੜਕਾਅ ਕਰਕੇ ਸਾਫ ਕੀਤਾ ਜਾਂਦਾ ਹੈ। ਹਲਦੀ ਨੂੰ ਧੋਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਵਿਕਸਿਤ ਕੀਤੀ ਗਈ ਹਲਦੀ ਨੂੰ ਧੋਣ ਵਾਲੀ ਮਸ਼ੀਨ ਵਰਤੀ ਜਾ ਸਕਦੀ ਹੈ। ਇਸ ਮਸ਼ੀਨ ਦੀ ਸਮਰੱਥਾ 2.5-3 ਕੁਇੰਟਲ ਪ੍ਰਤੀ ਘੰਟਾ ਹੈ। ਇਸ ਮਸ਼ੀਨ ਦੀ ਕੀਮਤ ਲਗਭਗ ਇੱਕ ਲੱਖ ਰੁਪਏ ਹੈ। ਸ਼ੁਰੂ ਵਿਚ ਮਸ਼ੀਨਾਂ ਦੀ ਵਰਤੋਂ ਨਾ ਕਰਕੇ ਇਸ ਕੰਮ ਨੂੰ ਹੱਥੀਂ ਵੀ ਕੀਤਾ ਜਾ ਸਕਦਾ ਹੈ ਕਿਉਂਕਿ ਜੇ ਥੋੜ੍ਹਾ ਬਹੁਤ ਮਿੱਟੀ ਘੱਟਾ ਲੱਗਿਆ ਵੀ ਰਹਿ ਗਿਆ ਤਾਂ ਉਹ ਉਬਾਲਣ ਦੌਰਾਨ ਉੱਤਰ ਜਾਂਦਾ ਹੈ।

### ਹਲਦੀ ਨੂੰ ਉਬਾਲਣਾ

ਹਲਦੀ ਪ੍ਰੋਸੈਸਿੰਗ ਦੇ ਕੰਮ ਵਿਚ ਹਲਦੀ ਉਬਾਲਣ ਦਾ ਮੁੱਖ ਉਦੇਸ਼ ਸੁੱਕਣ ਦਾ ਸਮਾਂ ਬਚਾਉਣਾ, ਰੰਗ ਇੱਕਸਾਰ ਕਰਨਾ, ਨਿਖਾਰਣਾ, ਸਟਾਰਚ ਨੂੰ ਸਹੀ ਕਰਨਾ ਅਤੇ ਸਹੀ ਰਿਕਵਰੀ ਲੈਣਾ ਹੈ। ਪਾਣੀ ਦਾ ਪੱਧਰ ਗੰਢੀਆਂ ਤੋਂ 4 ਤੋਂ 7.5 ਸੈਂਟੀਮੀਟਰ ਉੱਪਰ ਰੱਖਿਆ ਜਾਂਦਾ ਹੈ। ਹਲਦੀ ਦੀਆਂ ਗੰਢੀਆਂ ਨੂੰ ਉਦੋਂ ਤੱਕ ਉਬਾਲਿਆ ਜਾਂਦਾ ਹੈ ਜਦੋਂ ਤੱਕ ਗੰਢੀਆਂ ਦਾ ਵਿਚਲਾ ਲਾਲ ਰੰਗ ਪੀਲਾ ਅਤੇ ਗੰਢੀਆਂ ਨਰਮ ਹੋ ਜਾਣ। ਇਸ ਕਿਰਿਆ ਨੂੰ ਲਗਭਗ 50-60 ਮਿੰਟ ਦਾ ਸਮਾਂ ਲੱਗਦਾ ਹੈ। ਇਸ ਤੋਂ ਇਲਾਵਾ ਸੁਧਰੇ ਤਰੀਕਿਆਂ ਨਾਲ ਉਬਾਲਕੇ ਰੰਗ ਅਤੇ ਕੁਆਲਿਟੀ ਨੂੰ ਹੋਰ ਵੀ ਸੁਧਾਰਿਆ ਜਾ ਸਕਦਾ ਹੈ। ਸੁਧਰੇ ਹੋਏ ਤਰੀਕਿਆਂ ਵਿਚ ਹਲਦੀ ਦੀਆਂ ਗੰਢੀਆਂ ਨੂੰ ਭਾਫ ਨਾਲ 15 ਪੌਂਡ ਦੇ ਪ੍ਰੈਸ਼ਰ ਕੁੱਕਰ ਵਿਚ ਉਬਾਲਿਆ ਜਾਂਦਾ ਹੈ ਤੇ ਇਹ ਕੰਮ 20-30 ਮਿੰਟ ਵਿੱਚ ਪੂਰਾ ਹੋ ਜਾਂਦਾ ਹੈ। ਇਸ ਤੋਂ ਇਲਾਵਾ ਅੱਜ ਕਲ ਕਿਸਾਨ ਹਲਦੀ ਉਬਾਲਣ ਲਈ ਭਾਫ ਵਾਲੇ ਮੋਬਾਇਲ ਯੂਨਿਟ ਵੀ ਵਰਤ ਰਹੇ ਹਨ। ਇਨ੍ਹਾਂ ਯੂਨਿਟਾਂ ਦੀ ਸਮਰੱਥਾ ਬਹੁਤ ਹੁੰਦੀ ਹੈ (ਲਗਭਗ 10-12 ਕੁਇੰਟਲ ਪ੍ਰਤੀ ਘੰਟਾ) ਅਤੇ ਖੇਤੀ ਰਹਿੰਦ ਖੂੰਹਦ ਨੂੰ ਬਾਲਣ ਦੇ ਤੌਰ ਤੇ ਵਰਤਿਆ ਜਾ ਸਕਦਾ ਹੈ ਪਰ ਇਨਾਂ ਦੀ ਕੀਮਤ 3 ਲੱਖ ਰੁਪਏ ਦੇ ਕਰੀਬ ਹੁੰਦੀ ਹੈ। ਕਈ ਕਿਸਾਨ ਇਸ ਮਸ਼ੀਨ ਨੂੰ ਕਿਸੇ ਪ੍ਰੋਸੈਸਿੰਗ ਯੂਨਿਟ ਤੋਂ ਕਿਰਾਏ (5000/- ਪ੍ਰਤੀ ਦਿਨ) ਲੈ ਕੇ ਆਪਣੇ ਖੇਤ ਵਿਚ ਹੀ 100 ਕੁਇੰਟਲ ਦੇ ਕਰੀਬ ਹਲਦੀ ਇਕ ਦਿਨ ਵਿਚ ਉਬਾਲ ਲੈਂਦੇ ਹਨ। ਸ਼ੁਰੂਆਤੀ ਕੀਮਤ ਘਟਾਉਣ ਲਈ ਕਿਸਾਨ ਪਾਣੀ ਵਿੱਚ ਹਲਦੀ ਉਬਾਲਣ ਦਾ ਢੰਗ ਵਰਤ ਸਕਦੇ ਹਨ ਅਤੇ ਇਸ ਤਰੀਕੇ ਵਿੱਚ ਥੋੜੀ ਜਿਹੀ ਸੋਧ ਕਰਕੇ ਵਧੀਆ ਕੁਆਲਿਟੀ ਵੀ ਲੈ ਸਕਦੇ ਹਨ ਅਤੇ ਊਰਜਾ ਦੀ ਬੱਚਤ ਵੀ ਕਰ ਸਕਦੇ ਹਨ। ਇਸ ਤਰੀਕੇ ਵਿੱਚ ਹਲਦੀ ਨੂੰ ਸਿੱਧਾ ਉਬਲਦੇ ਪਾਣੀ ਵਿੱਚ ਨਹੀਂ ਪਾਇਆ ਜਾਂਦਾ ਬਲਕਿ ਪਹਿਲਾਂ ਇਸਨੂੰ ਇਕ ਜਾਲੀਦਾਰ ਟੋਕਰੇ ਵਿੱਚ ਪਾਇਆ ਜਾਂਦਾ ਹੈ ਅਤੇ ਫਿਰ ਇਸ ਟੋਕਰੇ ਨੂੰ ਉਬਲਦੇ ਪਾਣੀ ਵਿੱਚ ਇਸ ਢੰਗ ਨਾਲ ਪਾਇਆ ਜਾਂਦਾ ਹੈ ਕਿ ਟੋਕਰੇ ਦਾ ਥੱਲਾ ਕੜਾਹੇ ਦੇ ਥੱਲੇ ਨਾਲ ਨਾ ਲੱਗੇ ਅਤੇ ਟੋਕਰੇ ਦੀਆਂ ਬਾਹੀਆਂ ਕੜਾਹੇ ਦੇ ਫਰੇਮ ਤੇ ਆ ਕੇ ਟਿਕ ਜਾਣ। ਇਸ ਨਾਲ ਇਕ ਤਾਂ ਸਾਰੀ ਹਲਦੀ ਇਕਸਾਰ ਉਬਲੇਗੀ ਅਤੇ ਦੂਜਾ ਹਲਦੀ ਨੂੰ ਕੱਢਣ ਪਾਉਣ ਵੇਲੇ ਗਰਮ ਪਾਣੀ ਦੀ ਬਰਬਾਦੀ ਘਟੇਗੀ ਜਿਸ ਨਾਲ ਬਾਲਣ ਘੱਟ ਲੱਗੇਗਾ।

### ਗੰਢੀਆਂ ਸੁਕਾਉਣਾ

ਉਬਾਲਣ ਤੋਂ ਬਾਅਦ ਗੰਢੀਆਂ ਨੂੰ ਸੁਕਾਉਣ ਵਾਲੀ ਜਗ੍ਹਾ ਤੇ ਵੱਖਰਾ-ਵੱਖਰਾ ਕੀਤਾ ਜਾਂਦਾ ਹੈ ਅਤੇ ਧੁੱਪ ਵਿੱਚ ਸੁਕਾਇਆ ਜਾਂਦਾ ਹੈ। ਸਮੇਂ ਸਮੇਂ ਤੇ ਗੰਢੀਆਂ ਨੂੰ ਹਿਲਾਇਆ ਜਾਂਦਾ ਹੈ ਤਾਂ ਜੋ ਗੰਢੀਆਂ ਇੱਕ ਸਾਰ ਸੁੱਕ ਜਾਣ। ਪੂਰੀ ਤਰ੍ਹਾਂ ਸੁੱਕਣ ਲਈ ਮੌਸਮ ਦੇ ਮੁਤਾਬਕ 15-20 ਦਿਨ ਦਾ ਸਮਾਂ ਲਗਦਾ ਹੈ। ਸੁੱਕੀਆਂ ਗੰਢੀਆਂ ਵਿੱਚ 6-8% ਦੇ ਲਗਭਗ ਨਮੀ ਰਹਿ ਜਾਂਦੀ ਹੈ ਅਤੇ ਗੰਢੀਆਂ ਕਾਫੀ ਸਖਤ ਅਤੇ ਭੁਰਭਰੀਆਂ ਹੋ ਜਾਂਦੀਆਂ ਹਨ ਅਤੇ ਤੋੜਨ ਤੇ ਤੜੱਕ ਦੀ ਆਵਾਜ਼ ਕਰਦੀਆਂ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਵਿਕਸਿਤ ਕੀਤਾ ਗਿਆ ਸੋਲਰ ਡਰਾਇਰ ਵੀ ਇਸ ਕੰਮ ਲਈ ਵਰਤਿਆ ਜਾ ਸਕਦਾ ਹੈ। ਇਸਦੀ ਸਮਰੱਥਾ 3 ਕੁਇੰਟਲ ਅਤੇ ਕੀਮਤ ਲਗਭਗ 2.5 ਲੱਖ ਰੁਪਏ ਹੈ। ਇਸ ਡਰਾਇਰ ਨਾਲ ਹਲਦੀ ਧੁੱਪ ਸੁਕਾਉਣ ਦੇ ਮੁਕਾਬਲੇ ਲਗਭਗ ਅੱਧੇ ਸਮੇਂ ਵਿਚ ਸੁੱਕ ਜਾਂਦੀ ਹੈ। ਕਈ ਕਿਸਾਨ ਇਹ ਡਰਾਇਰ ਆਪਣੇ ਪਲਾਂਟ ਵਿਚ ਲਗਵਾ ਵੀ ਚੁੱਕੇ ਹਨ।

### ਪਾਲਸ਼ ਕਰਨਾ ਅਤੇ ਪੀਸਣਾ

ਸੁੱਕੀ ਹਲਦੀ ਦੀਆਂ ਗੰਢੀਆਂ ਨੂੰ ਕਿਸੇ ਖੁਰਦਰੀ ਜਗ੍ਹਾ ਤੇ ਰਗੜਿਆ ਜਾਂਦਾ ਹੈ ਤਾਂ ਕਿ ਹਲਦੀ ਦੀ ਉਪਰਲੀ ਸਖਤ ਪਰਤ ਅਤੇ ਜੜ੍ਹਾਂ ਆਦਿ ਨੂੰ ਉਤਾਰਿਆ ਜਾ ਸਕੇ। ਅਜਿਹਾ ਕਰਨ ਨਾਲ ਹਲਦੀ ਦਾ ਰੰਗ ਗੂੜ੍ਹਾ ਅਤੇ ਚਮਕੀਲਾ ਹੋ ਜਾਂਦਾ ਹੈ ਅਤੇ ਇਸ ਦੀਆਂ ਜੜ੍ਹਾਂ, ਕੱਖ-ਕਣ ਅਤੇ ਉੱਪਰਲਾ ਛਿਲਕਾ ਆਦਿ ਅਲੱਗ ਕੀਤੇ ਜਾਂਦੇ ਹਨ। ਉੱਪਰ ਦੱਸੀ ਹਲਦੀ ਧੋਣ ਵਾਲੀ ਮਸ਼ੀਨ ਨੂੰ ਵੀ ਹਲਦੀ ਪਾਲਿਸ਼ ਕਰਨ ਲਈ ਵਰਤਿਆ ਜਾਂ ਸਕਦਾ ਹੈ। ਪਾਲਿਸ਼ ਕਰਨ ਤੋਂ ਬਾਅਦ ਹਲਦੀ ਨੂੰ ਗਰਾਈਂਡਰ (ਹੈਮਰ ਮਿੱਲ) ਵਿੱਚ ਪੀਸਿਆ ਜਾਂਦਾ ਹੈ। ਮਸਾਲੇ ਵਾਲੀਆਂ ਫਸਲਾਂ ਨੂੰ ਪੀਸਣ ਲਈ ਹਮੇਸ਼ਾ ਹੈਮਰ ਮਿੱਲ ਵਾਲਾ ਗਰਾਈਂਡਰ ਹੀ ਵਰਤਿਆ ਜਾਣਾ ਚਾਹੀਦਾ ਹੈ ਨਾਕਿ ਆਮ ਆਟਾ ਚੱਕੀ। ਨਹੀਂ ਤਾਂ ਪਾਊਡਰ ਦਾ ਤਾਪਮਾਨ ਵਧ ਜਾਵੇਗਾ ਅਤੇ ਕੁਆਲਟੀ ਖਰਾਬ ਹੋਵੇਗੀ ਛ (15-20 ਕਿਲੋ ਪ੍ਰਤੀ ਘੰਟਾ) ਦਾ ਗਰਾਈਂਡਰ 50,000/- ਰੁਪਏ ਵਿੱਚ ਆ ਜਾਂਦਾ ਹੈ। ਇਸ ਤਰ੍ਹਾਂ 100 ਕਿਲੋ ਤਾਜ਼ੀ ਹਲਦੀ ਵਿਚ ਲਗਭਗ 20-22 ਕਿਲੋ ਹਲਦੀ ਪਾਊਡਰ ਤਿਆਰ ਕੀਤਾ ਜਾ ਸਕਦਾ ਹੈ। ਇਕ ਕਿਲੋ ਹਲਦੀ ਪਾਊਡਰ ਤਿਆਰ ਕਰਨ ਦੀ ਕੀਮਤ ਲਗਭਗ 100/- ਰੁਪਏ ਹੈ (ਜਿਸ ਵਿਚ ਕੱਚੀ ਹਲਦੀ ਦੀ ਕੀਮਤ ਅਤੇ ਪ੍ਰੋਸੈਸਿੰਗ ਖਰਚੇ ਵੀ ਸ਼ਾਮਲ ਹਨ) ਜਦੋਂ ਕਿ ਬਾਜ਼ਾਰ ਵਿਚ ਇਹ ਹਲਦੀ ਪਾਊਡਰ 150 ਰੁਪਏ ਕਿਲੋ ਥੋਕ ਵਿਚ ਅਤੇ 200 ਰੁਪਏ ਕਿਲੋ ਪ੍ਰਚੂਨ ਵਿਚ ਵੇਚਿਆ ਜਾ ਸਕਦਾ ਹੈ। ਹਲਦੀ ਦੀ ਪ੍ਰੋਸੈਸਿੰਗ ਸਬੰਧੀ ਹੋਰ ਤਕਨੀਕੀ ਜਾਣਕਾਰੀ ਲਈ ਪ੍ਰੋਸੈਸਿੰਗ ਅਤੇ ਫੂਡ ਇੰਜੀਨੀਅਰਿੰਗ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬ 'ਚ ਧਰਤੀ ਹੇਠਲਾ ਪਾਣੀ ਬੇਹੱਦ ਖਤਰਨਾਕ ਸਥਿਤੀ 'ਚ ਪੁੱਜਿਆ

**250 ਫੁੱਟ ਤੱਕ ਦੇ ਬਹੁਤੇ ਬੋਰਾਂ ਨੇ ਪਾਣੀ ਦੇਣ ਤੋਂ ਕੀਤੇ ਹੱਥ ਖੜ੍ਹੇ ਲਾਗਤਾਂ, ਸਮਰਥਨ ਮੁੱਲ ਤੇ ਸਵਾਮੀਨਾਥਨ**

ਪੰਜਾਬ 'ਚ ਧਰਤੀ ਹੇਠਲੇ ਡੂੰਘੇ ਹੋ ਰਹੇ ਪਾਣੀ ਦਾ ਅੰਦਾਜ਼ਾ ਇਸ ਗੱਲ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਕਈ ਇਲਾਕਿਆਂ 'ਚ ਜੋ ਬੋਰ 250 ਫੁੱਟ ਦੇ ਕਰੀਬ ਸਨ ਉਨ੍ਹਾਂ 'ਚੋਂ ਬਹੁਤਿਆਂ ਨੇ ਪਾਣੀ ਦੇਣ ਤੋਂ ਹੱਥ ਖੜੇ ਕਰ ਦਿੱਤੇ ਹਨ। ਇਸ ਸਾਰੇ ਵਰਤਾਰੇ ਦਾ ਇਕ ਅਹਿਮ ਤੱਥ ਇਹ ਵੀ ਹੈ ਕਿ ਮੁਫਤਖੋਰੀ ਤਹਿਤ ਸਰਕਾਰ ਵਲੋਂ ਜੋ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ, ਉਸ ਦੀ ਬਦੌਲਤ ਸਹੂਲਤਾਂ ਦਾ ਦੁਰਉਪਯੋਗ ਹੁੰਦਾ ਹੈ। ਜੇਕਰ ਧਰਤੀ ਹੇਠਲੇ ਪਾਣੀ ਨੂੰ ਲੈ ਕੇ ਤੱਥਾਂ ਨੂੰ ਵੇਖੀਏ ਤਾਂ, ਇਸ ਦੀ ਉਦਾਹਰਨ ਸਾਨੂੰ ਸਹਿਜੇ ਹੀ ਪਿਛਲੇ ਸਮੇਂ ਤੋਂ ਮਾਲਵਾ ਖੇਤਰ ਦੇ ਅੰਦਰ ਧਰਤੀ ਦੀ ਹਿੱਕ ਪਾੜ ਕੇ ਕੀਤੇ ਜਾ ਰਹੇ ਲਗਭਗ 400 ਫੁੱਟ ਤੱਕ ਬੋਰਾਂ ਤੋਂ ਆਮ ਮਿਲ ਜਾਂਦੀ ਹੈ। ਉੱਘੇ ਕਿਸਾਨ ਆਗੂ ਸਤਬੀਰ ਸਿੰਘ ਸੀਰਾ ਬਨਭੌਰਾ, ਉਪ ਚੇਅਰਮੈਨ ਗੁਰਜੀਤ ਸਿੰਘ ਸਿੱਧੂ ਨੇ ਆਖਿਆ ਕਿ ਹਰੇ ਇਨਕਲਾਬ ਦੇ ਨਾਂ 'ਤੇ ਅਸੀਂ 50 ਕੁ ਸਾਲਾਂ 'ਚ ਪਾਣੀ ਦਾ ਪੱਧਰ 30 ਫੁੱਟ ਤੋਂ 150 ਫੁੱਟ ਤੱਕ ਪੁੱਜਦਾ ਕਰ ਦਿੱਤਾ ਹੈ। ਜੋ ਬਾਕੀ ਬਚਿਆ, ਉਹ ਵੀ ਰਸਾਇਣਿਕ ਜ਼ਹਿਰਾਂ ਦੇ ਰੂਪ 'ਚ ਸਾਡੀ ਆਉਣ ਵਾਲੀ ਨਸਲ ਤੱਕ ਦੇ ਸਰੀਰਾਂ ਅਤੇ ਜ਼ਮੀਨਾਂ ਨੂੰ ਖੋਖਲਾ ਕਰ ਰਿਹਾ ਹੈ। ਹਰੇ ਇਨਕਲਾਬ ਤੋਂ ਬਾਅਦ ਕਰੋੜਪਤੀ ਫੈਕਟਰੀਆਂ ਦੇ ਮਾਲਕਾਂ ਵਲੋਂ ਅੰਮ੍ਰਿਤ ਵਰਗੇ ਪਾਣੀ ਦੀ ਹੋਂਦ ਨੂੰ ਮਿਟਾਉਣ ਦੇ ਲਈ ਬੇਹੱਦ ਘਾਤਕ ਅਤੇ ਜ਼ਹਿਰੀਲੇ ਕੈਮੀਕਲਾਂ ਨਾਲ ਭਰੇ ਪਾਈਪਾਂ ਦੇ ਮੂੰਹ ਧਰਤੀ ਦੀ ਕੁੱਖ ਵੱਲ ਨੂੰ ਕਰ ਦਿੱਤੇ ਗਏ ਅਤੇ ਪਾਣੀ ਦੀ ਰੱਜ ਕੇ ਦੁਰਵਰਤੋਂ ਕੀਤੀ ਗਈ। ਸਾਡੇ ਸਾਰਿਆਂ ਵਲੋਂ ਪਾਣੀ ਦੇ ਨਾਲ ਕੀਤੇ ਖਿਲਵਾੜ ਦਾ ਨਤੀਜਾ ਇਹ ਨਿਕਲਿਆ ਕਿ ਅੱਜ ਮਾਲਵਾ ਖੇਤਰ ਦੇ ਅੰਦਰ ਕਿਸਾਨਾਂ ਨੂੰ ਆਪਣੀਆਂ ਫਸਲਾਂ ਬਚਾਉਣ ਖਾਤਰ ਨਵੇਂ ਬੋਰ ਕਰਨ ਦੇ ਲਈ ਭਾਰੀ ਮੁਸ਼ੱਕਤ ਕਰਨੀ ਪੈ ਰਹੀ ਹੈ। ਵੈਸੇ ਤਾਂ ਸਾਰੇ ਪੰਜਾਬ ਅੰਦਰ ਹਾਲਾਤ ਕੋਈ ਬਹੁਤ ਵਧੀਆ ਨਹੀਂ ਹਨ ਪਰ ਮਲੇਰਕੋਟਲਾ ਅਤੇ ਸ਼ੇਰਪੁਰ ਤੋਂ ਬਾਅਦ ਨਿਹਾਲ ਸਿੰਘ ਵਾਲਾ, ਧੂਰੀ ਆਦਿ ਖੇਤਰਾਂ ਦੀ ਮਾੜੀ ਸਥਿਤੀ ਕਿਸੇ ਤੋਂ ਲੁਕੀ ਨਹੀਂ ਹੈ। ਹਰ ਰੋਜ਼ ਕਿਸੇ ਨਾ ਕਿਸੇ ਕਿਸਾਨ ਦਾ ਬੋਰ ਪਾਣੀ ਤੋਂ ਜਵਾਬ ਦੇ ਰਿਹਾ ਹੈ। ਕਿਸਾਨਾਂ ਦੀ ਮਜ਼ਬੂਰੀ ਹੈ ਕਿ ਉਨ੍ਹਾਂ ਵਲੋਂ ਪਹਿਲਾਂ ਤੋਂ ਹੀ ਕਰਜ਼ੇ ਦੀ ਦਲਦਲ ਵਿਚ ਧਸੇ ਹੋਣ ਦੇ ਬਾਵਜੂਦ ਨਵਾਂ ਬੋਰ ਕਰਨ ਲਈ ਹੋਰ ਕਰਜ਼ਾ ਚੁੱਕ ਕੇ ਆਪਣੀ ਫਸਲ ਨੂੰ ਬਚਾਉਣ ਦੇ ਲਈ ਹੱਥ ਪੈਰ ਮਾਰੇ ਜਾ ਰਹੇ ਹਨ। ਜੇਕਰ ਅਸੀਂ ਅਜੇ ਵੀ ਨਾ ਸੰਭਲੇ ਤਾਂ ਆਉਣ ਵਾਲੇ ਸਮੇਂ 'ਚ ਪੰਜਾਬ ਦੀ ਕਿਸਾਨੀ ਤੋਂ ਇਲਾਵਾ ਸਮੂਹ ਪੰਜਾਬੀ ਇਕ ਖਤਰਨਾਕ ਹਾਲਾਤ ਦਾ ਸਾਹਮਣਾ ਜ਼ਰੂਰ ਕਰਨਗੇ।



# ਮਈ ਮਹੀਨੇ ਦੇ ਖੇਤੀ ਰੁਝੇਵੇਂ

**ਸੰਯੋਜਕ** : ਅਮਰਜੀਤ ਸਿੰਘ । **ਸੰਗ੍ਰਹਿ ਕਰਤਾ** : ਕਮਲਜੀਤ ਸਿੰਘ ਸੂਰੀ, ਅਮਿਤ ਕੌਲ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਜਸਪਾਲ ਸਿੰਘ, ਨਵਨੀਤ ਕੌਰ, ਸਿਮਰਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ

## ਝੋਨਾ

ਝੋਨੇ ਦੀਆਂ ਸਿਫਾਰਸ਼ ਕੀਤੀਆਂ ਕਿਸਮਾਂ ਜਿਵੇਂ ਪੀ ਆਰ-121, ਪੀ ਆਰ-122, ਪੀ ਆਰ-131, ਪੀ ਆਰ-128, ਪੀ ਆਰ-129, ਪੀ ਆਰ-114 ਅਤੇ ਪੀ ਆਰ-113, ਕਿਸਮਾਂ ਦੀ ਪਨੀਰੀ ਦੀ ਬਿਜਾਈ ਮਈ 20 ਤੋਂ 25, ਪੀ ਆਰ-127, ਪੀ ਆਰ-130 ਅਤੇ ਐਚ ਕੇ ਆਰ 47 ਮਈ ਦੇ ਅਖੀਰਲੇ ਹਫਤੇ ਅਤੇ ਪੀ ਆਰ-126 ਕਿਸਮਾਂ ਦੀ ਪਨੀਰੀ ਦੀ ਬਿਜਾਈ 25 ਮਈ ਤੋਂ 20 ਜੂਨ ਤੱਕ ਕਰ ਸਕਦੇ ਹਾਂ । ਪਨੀਰੀ ਦੀ ਬਿਜਾਈ ਲਈ ਖੇਤ ਵਿਚ 12-15 ਟਨ ਗਲੀ ਸੜੀ ਰੂੜੀ ਦੀ ਖਾਦ ਪਾ ਕੇ ਚੰਗੀ ਤਰ੍ਹਾਂ ਰਲਾਉਣ ਉਪਰੰਤ ਪਾਣੀ ਲਾਉ ਤਾਂ ਕਿ ਨਦੀਨ ਉੱਗ ਪੈਣ । ਨਦੀਨਾਂ ਨੂੰ ਮਾਰਨ ਲਈ ਇੱਕ ਵਾਰ ਫਿਰ ਖੇਤ ਨੂੰ ਵਾਹੋ । ਖੇਤ ਨੂੰ ਭਰਵਾਂ ਪਾਣੀ ਦਿਉ ਅਤੇ ਕੱਦੂ ਕਰੋ । ਕੱਦੂ ਕਰਨ ਸਮੇਂ 26 ਕਿਲੋ ਯੂਰੀਆ, 60 ਕਿਲੋ ਸਿੰਗਲ ਸੁਪਰਫਾਸਫੇਟ ਅਤੇ 40 ਕਿਲੋ ਜ਼ਿੰਕ ਸਲਫੇਟ (ਹੈਪਟਾਹਾਈਡਰੇਟ) ਜਾਂ 25 ਕਿਲੋ ਜ਼ਿੰਕ ਸਲਫੇਟ (ਮੋਨਾਹਾਈਡਰੇਟ) ਪ੍ਰਤੀ ਏਕੜ ਦੇ ਹਿਸਾਬ ਪਾ ਦਿਉ । ਖੇਤ ਵਿੱਚ ਕਿਆਰੇ ਸੌਖ ਦੇ ਹਿਸਾਬ ਅਨੁਸਾਰ ਤਿਆਰ ਕਰੋ । ਜੜ੍ਹ ਗੰਢ ਨੀਮਾਟੋਡ ਦੇ ਹਮਲੇ ਤੋਂ ਬਚਾਅ ਲਈ ਸਰੋਂ ਦੀ ਖਲ 40 ਗ੍ਰਾਮ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਪਨੀਰੀ ਬੀਜਣ ਤੋਂ 10 ਦਿਨ ਪਹਿਲਾਂ ਖੇਤ ਦੀ ਰਾਉਣੀ ਉਪਰੰਤ ਆਖਰੀ ਵਾਹੀ ਵੇਲੇ ਪਾਓ । ਬੀਜ ਤੋਂ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਲਈ ਬਿਜਾਈ ਤੋਂ ਪਹਿਲਾਂ 3 ਗ੍ਰਾਮ ਸਪਰਿੰਟ ਪ੍ਰਤੀ ਕਿਲੋ ਦੇ ਹਿਸਾਬ ਨਾਲ 10-12 ਮਿ.ਲਿ. ਪਾਣੀ ਵਿਚ ਘੋਲ ਕੇ ਬੀਜ ਨੂੰ ਸੋਧ ਲਉ । ਸੋਧਿਆ ਹੋਇਆ ਇਕ ਕਿਲੋ ਬੀਜ ਪ੍ਰਤੀ 20 ਵਰਗ ਮੀਟਰ ਦੇ ਹਿਸਾਬ ਛਿੱਟਾ ਦਿਓ । ਲਗਾਤਾਰ ਪਾਣੀ ਦੇ ਕੇ ਜ਼ਮੀਨ ਗਿੱਲ੍ਹੀ ਰੱਖੋ । ਬੀਜਣ ਤੋਂ 15 ਦਿਨਾਂ ਬਾਅਦ 26 ਕਿਲੋ ਯੂਰੀਆ ਪ੍ਰਤੀ ਏਕੜ ਹੋਰ ਪਾਉ । ਝੋਨੇ ਦੀ ਪਨੀਰੀ ਵਿੱਚੋਂ ਨਦੀਨਾਂ ਨੂੰ ਚੰਗੀ ਤਰ੍ਹਾਂ ਖਤਮ ਕਰਨ ਲਈ 1200 ਮਿਲੀਲਿਟਰ ਬੂਟਾਕਲੋਰ 50 ਤਾਕਤ ਜਾਂ ਥਾਇਓਬੈਨਕਾਰਬ 50 ਤਾਕਤ ਦੀ ਵਰਤੋਂ ਕਰੋ । ਨਦੀਨ ਨਾਸ਼ਕ ਦੀ ਵਰਤੋਂ ਬਿਜਾਈ ਦੇ ਸੱਤ ਦਿਨਾਂ ਬਾਅਦ ਜਾਂ 500 ਮਿਲੀਲਿਟਰ ਸੋਫਿਟ 37.5 ਈ.ਸੀ. ਕਰੋ (ਪ੍ਰੈਟੀਲਾਕਲੋਰ+ਸੇਫਨਰ ਮਿਲੀਆਂ ਹੋਈਆਂ) ਬਿਜਾਈ ਤੋ 3 ਦਿਨਾਂ ਬਾਅਦ ਵਰਤੋ । ਕਿਸੇ ਇਕ ਨਦੀਨ ਨਾਸ਼ਕ ਦੀ ਵਰਤੋਂ 60 ਕਿਲੋ ਰੇਤ ਵਿਚ ਮਿਲਾ ਕੇ ਕਰੋ । ਇਸੇ ਤਰ੍ਹਾਂ ਨਰਸਰੀ ਬੀਜਣ ਤੋਂ 15-20 ਦਿਨਾਂ ਬਾਅਦ ਨੋਮਿਨੀ ਗੋਲਡ 10 ਐਸ ਸੀ 100 ਮਿਲੀਲਿਟਰ ਪ੍ਰਤੀ ਏਕੜ ਨੂੰ 150 ਲਿਟਰ ਪਾਣੀ ਵਿੱਚ ਘੋਲ ਕੇ ਸਪਰੇ ਕਰਨ ਨਾਲ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ ।

ਬੀਜ ਉੱਗਣ ਦੀ ਪਹਿਲੀ ਅਵਸਥਾ ਤੇ ਦਸ ਦਿਨ ਤੱਕ ਹਲਕਾ ਪਾਣੀ ਦੇਣਾ ਚਾਹੀਦਾ ਹੈ । ਬਾਅਦ ਵਿੱਚ ਲਗਾਤਾਰ ਪਾਣੀ ਦੇਂਦੇ ਰਹੋ । ਪਾਣੀ ਦੀ ਘਾਟ ਕਾਰਨ ਹਲਕੀਆਂ (ਰੇਤਲੀਆਂ) ਜ਼ਮੀਨਾਂ ਵਿੱਚ ਲੋਹੇ ਦੀ ਘਾਟ ਆਉਂਦੀ ਹੈ । ਜੇਕਰ ਪਨੀਰੀ ਦੇ ਨਵੇਂ ਨਿਕਲਣ ਵਾਲੇ ਪੱਤੇ ਪੀਲੇ ਦਿਖਣ ਤਾਂ 0.5-1 ਪ੍ਰਤੀਸ਼ਤ ਫੈਰਸ ਸਲਫੇਟ (0.5-1 ਕਿਲੋ ਫੈਰਸ ਸਲਫੇਟ 100 ਲਿਟਰ ਪਾਣੀ) ਦੇ ਘੋਲ ਦੇ ਤਿੰਨ ਛਿੜਕਾਅ ਹਫਤੇ-ਹਫਤੇ ਦੇ ਵਕਫੇ ਤੇ ਕਰੋ । ਜੇਕਰ ਪੱਤੇ ਜ਼ੰਗਾਲੇ ਹੋ ਜਾਣ ਤਾਂ 0.5 ਪ੍ਰਤੀਸ਼ਤ ਜ਼ਿੰਕ ਸਲਫੇਟ (21%) ਜਾਂ 0.3% ਜ਼ਿੰਕ ਸਲਫੇਟ (33%) ਦੇ ਘੋਲ ਦਾ ਛਿੜਕਾਅ ਕਰੋ ।

## ਮੱਕੀ

ਮਈ ਮਹੀਨੇ ਦੇ ਅਖੀਰ ਵਿੱਚ ਮੱਕੀ ਦੀ ਕਾਸ਼ਤ ਸ਼ੁਰੂ ਕਰੋ । ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਸਿਫਾਰਿਸ਼ ਕਿਸਮਾਂ ਹੀ ਬੀਜੋ । ਖੇਲਾਂ ਵਿੱਚ ਮੱਕੀ ਦੀ ਕਾਸ਼ਤ ਵੀ ਕੀਤੀ ਜਾ ਸਕਦੀ ਹੈ । ਮੱਕੀ ਦੀ ਬਿਜਾਈ 67.5 ਸੈਂਟੀਮੀਟਰ ਬੈੱਡ ਦੇ ਵਿਚਕਾਰ 3-5 ਸੈਂਟੀਮੀਟਰ ਡੂੰਘਾਈ ਤੇ ਕਰੋ ਅਤੇ ਬੂਟੇ ਤੋਂ ਬੂਟੇ ਦਾ ਫਾਸਲਾ 18 ਸੈਂਟੀਮੀਟਰ ਰੱਖੋ ਜਾਂ 60 ਸੈਂਟੀਮੀਟਰ ਦੀ



ਵਿੱਥ ਤੇ ਵੱਟਾਂ ਦੇ ਪਾਸੇ ਤੇ 6-7 ਸੈਂਟੀਮੀਟਰ ਦੀ ਉਚਾਈ ਤੇ ਬਿਜਾਈ ਕਰੋ ਅਤੇ ਬੂਟੇ ਤੋਂ ਬੂਟੇ ਦਾ ਫਾਸਲਾ 20 ਸੈਂਟੀਮੀਟਰ ਰੱਖੋ । ਬੈੱਡ ਬਨਾਉਣ ਲਈ ਕਣਕ ਵਾਲੇ ਬੈਡ ਪਲਾਂਟਰ ਦੀ ਵਰਤੋਂ ਕੀਤੀ ਜਾ ਸਕਦੀ ਹੈ । ਬੈੱਡ ਜਾਂ ਵੱਟਾਂ ਤੇ ਮੱਕੀ ਦੀ ਬਿਜਾਈ ਕਰਨ ਨਾਲ ਮੱਕੀ ਦੇ ਉੱਗਣ ਸਮੇਂ ਜ਼ਿਆਦਾ ਬਾਰਿਸ਼ ਨਾਲ ਖੜ੍ਹੇ ਪਾਣੀ ਦੇ ਨੁਕਸਾਨ ਤੋਂ ਬੱਚਤ ਹੋ ਜਾਂਦੀ ਹੈ । ਇੰਝ ਮੱਕੀ ਡਿੱਗੇਗੀ ਵੀ ਨਹੀਂ ਅਤੇ ਝਾੜ ਵੀ ਚੋਖਾ ਮਿਲੇਗਾ । ਖਾਦਾਂ, ਮਿੱਟੀ ਪਰਖ ਦੇ ਆਧਾਰ ਤੇ ਪਾਉ । ਹਾਈਬਰਿੱਡ ਪੀ ਐਮ ਐੱਚ-1, ਪੰਜਾਬ ਸਵੀਟ ਕੋਰਨ-1 ਅਤੇ ਪ੍ਰਭਾਤ ਨੂੰ ਬਿਜਾਈ ਸਮੇਂ 35 ਕਿਲੋ ਯੂਰੀਆ (ਇਕ ਤਿਹਾਈ), 150 ਕਿਲੋ ਸਿੰਗਲ ਸੁਪਰਫਾਸਫੇਟ ਅਤੇ 20 ਕਿਲੋ ਮਿਊਰੇਟ ਆਫ ਪੋਟਾਸ਼ ਅਤੇ ਪੀ ਐਮ ਐੱਚ-2, ਕੇਸਰੀ ਅਤੇ ਪਰਲ ਪਾਪਕਾਰਨ ਨੂੰ 25 ਕਿਲੋ ਯੂਰੀਆ (ਇੱਕ-ਤਿਹਾਈ), 75 ਕਿਲੋ ਸਿੰਗਲ ਸੁਪਰਫਾਸਫੇਟ ਅਤੇ 20 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਪਾਉ । ਬਿਜਾਈ ਤੋਂ ਪਹਿਲਾਂ ਗਲੀ ਸੜੀ ਰੂੜੀ 6 ਟਨ ਪ੍ਰਤੀ ਏਕੜ ਦੇ ਹਿਸਾਬ ਵੀ ਪਾਉ । ਜੇਕਰ ਕਣਕ ਦੇ ਵੱਢ ਵਿੱਚ ਮੱਕੀ ਬੀਜੀ ਹੈ, ਜਿਸ ਨੂੰ ਸਿਫਾਰਸ਼ ਮੁਤਾਬਿਕ ਫਾਸਫੋਰਸ ਪਾਈ ਹੋਵੇ ਤਾਂ ਮੱਕੀ ਨੂੰ ਫਾਸਫੋਰਸ ਪਾਉਣ ਦੀ ਲੋੜ ਨਹੀਂ । ਪੋਟਾਸ਼ ਖਾਦ ਦੀ ਵਰਤੋਂ ਤਾਂ ਹੀ ਕਰੋ, ਜੇਕਰ ਮਿੱਟੀ ਵਿੱਚ ਪੋਟਾਸ਼ ਦੀ ਘਾਟ ਹੋਵੇ । ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ 10 ਦਿਨ ਦੇ ਅੰਦਰ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿਚ 800 ਗ੍ਰਾਮ ਅਤੇ ਹਲਕੀਆਂ ਜ਼ਮੀਨਾਂ ਵਿੱਚ 500 ਗ੍ਰਾਮ ਪ੍ਰਤੀ ਏਕੜ ਐਟਰਾਟਾਫ/ਐਟਰਾਗੋਲਡ 50 ਡਬਲਯੂ ਪੀ (ਐਟਰਾਜ਼ੀਨ) ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ ।

## ਕਮਾਦ

ਨਵੇਂ ਕਮਾਦ ਜਾਂ ਮੁੱਢੇ ਕਮਾਦ ਵਿੱਚੋਂ ਨਦੀਨਾਂ ਦੀ ਰੋਕਥਾਮ ਕਰੋ । ਕਮਾਦ ਦੀ ਫਸਲ ਨੂੰ 8-10 ਦਿਨਾਂ ਦੇ ਵਕਫੇ ਤੇ ਪਾਣੀ ਦਿੰਦੇ ਰਹੋ । ਮੁੱਢੀ ਫਸਲ ਨੂੰ 65 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਪਾਉ । ਸਿੱਲ੍ਹ ਸੰਭਾਲਣ ਲਈ ਕਮਾਦ ਦੀਆਂ ਕਤਾਰਾਂ ਵਿਚਕਾਰ ਝੋਨੇ ਦੀ ਪਰਾਲੀ ਜਾਂ ਕਣਕ ਦਾ ਨਾੜ ਜਾਂ ਝੋਨੇ ਦੀ ਫੱਕ ਖਿਲਾਰ ਦਿਉ । ਇਹ ਨਦੀਨਾਂ ਦੀ ਰੋਕਥਾਮ ਵੀ ਕਰਨਗੇ । ਕਾਲੇ ਖਟਮਲ ਦੀ ਰੋਕਥਾਮ ਲਈ 350 ਮਿਲੀਲਿਟਰ ਡਰਸਬਾਨ / ਲੀਥਲ / ਮਾਸਬਾਨ / ਗੋਲਡਬਾਨ 20 ਤਾਕਤ ਨੂੰ 400 ਲਿਟਰ ਪਾਣੀ ਵਿੱਚ ਮਿਲਾ ਕੇ ਇਕ ਏਕੜ ਤੇ ਛਿੜਕਾਅ ਕਰੋ । ਛਿੜਕਾਅ ਦਾ ਰੁੱਖ ਪੱਤਿਆਂ ਦੀ ਗੋਭ ਵੱਲ ਰੱਖੋ । ਕਮਾਦ ਦੀ ਜੂੰ ਦੀ ਰੋਕਥਾਮ ਲਈ ਫਸਲ ਕੋਲ ਬਰੂ ਦੇ ਬੂਟੇ ਹੋਣ ਤਾਂ ਜੜ੍ਹੋਂ ਪੁੱਟ ਕੇ ਨਸ਼ਟ ਕਰ ਦਿਉ ਕਿਉਂਕਿ ਇਨ੍ਹਾਂ ਤੇ ਵੀ ਕੀੜਾ ਹੋ ਸਕਦਾ ਹੈ । ਅਗੇਤੀ ਫੋਟ ਦੇ ਗੜੂੰਏਂ ਦੀ ਰੋਕਥਾਮ ਲਈ ਬਿਜਾਈ ਤੋਂ ਤਕਰੀਬਨ 45 ਦਿਨਾਂ ਬਾਅਦ 10 ਕਿਲੋ ਰੀਜੈਂਟ/ਮੋਰਟੈਲ/ਰਿਪਨ 0.3 ਜੀ ਨੂੰ 20 ਕਿਲੋ ਮਿੱਟੀ ਵਿੱਚ ਰਲਾ ਕੇ ਵਰਤੋ ਜਾਂ 150 ਮਿਲੀਲੀਟਰ ਟਕੋਮੀ 20 ਡਬਲਯੂ ਜੀ (ਫਲੂਬੈਂਡਾਮਾਈਡ) ਜਾਂ 150 ਮਿਲੀਲੀਟਰ ਕੋਰਾਜ਼ਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ) 2 ਲਿਟਰ ਡਰਮਟ / ਕਲਾਸਿਕ / ਡਰਸਬਾਨ / ਮਾਰਕ ਪਾਈਰੀਫਾਸ 20 ਈ ਸੀ ਨੂੰ 400 ਲਿਟਰ ਪਾਣੀ ਵਿੱਚ ਘੋਲ ਕੇ ਫੁਹਾਰੇ ਨਾਲ ਸਿਆੜਾਂ ਦੇ ਨਾਲ ਪਾਉ । ਹਲਕੀ ਮਿੱਟੀ ਚੜ੍ਹਾ ਕੇ ਹਲਕਾ ਪਾਣੀ ਲਾ ਦਿਉ । ਰੇਤਲੀਆਂ ਜ਼ਮੀਨਾਂ ਵਿੱਚ ਬੀਜੇ ਕਮਾਦ ਵਿੱਚ ਲੋਹੇ ਦੀ ਘਾਟ ਆ ਜਾਂਦੀ ਹੈ, ਜਿਸ ਨਾਲ ਨਵੇਂ ਪੱਤੇ ਨਾੜੀਆਂ ਵਿਚਕਾਰੋਂ ਪੀਲੇ ਪੈ ਜਾਂਦੇ ਹਨ । ਜ਼ਿਆਦਾ ਘਾਟ ਵਿੱਚ ਨਾੜੀਆਂ ਵੀ ਪੀਲੀਆਂ ਪੈ ਜਾਂਦੀਆਂ ਹਨ ਅਤੇ ਫਸਲ ਵਿੱਚ ਵਾਧਾ ਰੁੱਕ ਜਾਂਦਾ ਹੈ । ਘਾਟ ਪੂਰੀ ਕਰਨ ਲਈ ਇੱਕ ਪ੍ਰਤੀਸ਼ਤ ਫੈਰਸ ਸਲਫੇਟ (ਇੱਕ ਕਿਲੋ ਫੈਰਸ ਸਲਫੇਟ 100 ਲਿਟਰ ਪਾਣੀ) ਦੇ ਘੋਲ ਦੇ ਹਫਤੇ-ਹਫਤੇ ਦੀ ਵਿੱਥ ਤੇ 2-3 ਛਿੜਕਾਅ ਕਰੋ ।


## ਮੂੰਗਫਲੀ

ਕਣਕ ਦੀ ਕਟਾਈ ਤੋਂ ਬਾਅਦ ਮੂੰਗਫਲੀ ਦੀ ਬਿਜਾਈ ਮਈ ਦੇ ਅਖੀਰਲੇ ਹਫਤੇ ਤੱਕ ਕੀਤੀ ਜਾ ਸਕਦੀ ਹੈ । ਬਿਜਾਈ ਤੋਂ ਪਹਿਲਾਂ ਖੇਤ ਰੌਣੀ ਕਰ ਲਉ । ਬਿਮਾਰੀਆਂ ਦੀ ਰੋਕਥਾਮ ਲਈ 2 ਮਿ.ਲਿ. ਨਿਉਨਿਕਸ 20 ਐਫ ਐਸ ਜਾਂ 1.5 ਗ੍ਰਾਮ ਸੀਡੈਕਸ ਜਾਂ 5 ਗ੍ਰਾਮ ਥੀਰਮ ਜਾਂ 3 ਗ੍ਰਾਮ ਇੰਡੋਫਿਲ ਐਮ-45 ਪ੍ਰਤੀ ਕਿਲੋ ਦੇ ਹਿਸਾਬ ਨਾਲ ਬੀਜ ਵਾਲੀਆਂ ਗਿਰੀਆਂ ਨੂੰ ਸੋਧ ਲਉ । ਨਿਉਨਿਕਸ

ਬਾਕੀ ਸਫਾ 12 'ਤੇ

## ਨਰਮਾ ਅਤੇ ਕਪਾਹ

ਇਸ ਮਹੀਨੇ ਦੇ ਪਹਿਲੇ ਪੰਦਰਵਾੜੇ ਵਿੱਚ ਬਿਜਾਈ ਹਰ ਹਾਲਤ ਵਿੱਚ ਖਤਮ ਕਰ ਲਓ । ਨਰਮਾ ਨਿੰਬੂ ਜਾਤੀ ਦੇ ਬਾਗਾਂ ਨੇੜੇ ਨਾ ਬੀਜੋ । ਲਾਗੇ ਭਿੰਡੀ, ਮੂੰਗੀ, ਢੈਂਚਾ, ਅਰਿੰਡ, ਅਰਹਰ ਆਦਿ ਦੀ ਫਸਲ ਵੀ ਨਾ ਲਗਾਉ । ਖੇਤ ਸਾਫ ਰੱਖੋ । ਕੰਘੀ ਬੂਟੀ ਅਤੇ ਪੀਲੀ ਬੂਟੀ ਨੂੰ ਵੱਟਾਂ ਬੰਨਿਆਂ ਤੋਂ ਖਤਮ ਕਰ ਦਿਉ, ਕਿਉਕਿ ਪੱਤਾ



ਮਰੋੜ ਵਾਇਰਸ ਨਰਮੇ ਤੇ ਹਮਲਾ ਕਰਨ ਤੋਂ ਪਹਿਲਾਂ ਇਥੇ ਹੀ ਪਲਦਾ ਹੈ । ਚਿੱਟੀ ਮੱਖੀ ਦੇ ਫੈਲਾਅ ਨੂੰ ਰੋਕਣ ਲਈ ਬਿਜਾਈ ਤੋਂ ਪਹਿਲਾਂ ਖਾਲੀ ਥਾਂਵਾਂ, ਸੜਕਾਂ ਦੇ ਕਿਨਾਰਿਆਂ, ਖਾਲਿਆਂ ਦੀਆਂ ਵੱਟਾਂ ਅਤੇ ਬੇਕਾਰ ਪਈ ਭੂਮੀ ਵਿੱਚੋਂ ਚਿੱਟੀ ਮੱਖੀ ਦੇ ਬਦਲਵੇਂ ਨਦੀਨ ਜਿਵੇਂ ਕਿ ਕੰਘੀ ਬੂਟੀ, ਪੀਲੀ ਬੂਟੀ, ਪੁੱਠ ਕੰਡਾ, ਧਤੂਰਾ, ਭੰਗ ਆਦਿ ਨੂੰ ਨਸ਼ਟ ਕਰ ਦਿਉ । ਨਰਮੇ ਤੋਂ ਇਲਾਵਾ ਚਿੱਟੀ ਮੱਖੀ ਦਾ ਹਮਲਾ ਹੋਰ ਫਸਲਾਂ ਜਿਵੇਂ ਕਿ ਬੈਂਗਣ, ਆਲੂ, ਟਮਾਟਰ, ਮਿਰਚਾਂ, ਮੂੰਗੀ ਆਦਿ ਤੇ ਵੀ ਪਾਇਆ ਜਾਂਦਾ ਹੈ । ਇਸ ਲਈ ਇਹਨਾਂ ਫਸਲਾਂ ਦਾ ਲਗਾਤਾਰ ਸਰਵੇਖਣ ਕਰੋ ਅਤੇ ਲੋੜ ਮੁਤਾਬਕ ਇਸ ਦੀ ਰੋਕਥਾਮ ਕਰੋ । ਇਸ ਮਹੀਨੇ ਨਰਮੇ ਦੀ ਫਸਲ ਤੇ ਵੀ ਚਿੱਟੀ ਮੱਖੀ ਦਾ ਲਗਾਤਾਰ ਸਰਵੇਖਣ ਕਰਦੇ ਰਹੋ । ਜਿੱਥੇ ਕਿਤੇ ਇਟਸਿੱਟ ਨਦੀਨ ਪਹਿਲੀ ਸਿੰਚਾਈ ਜਾਂ ਬਰਸਾਤ ਮਗਰੋਂ ਉੱਗਦੇ ਹਨ ਤਾਂ ਸਟੌਂਪ 30 ਤਾਕਤ ਇਕ ਲਿਟਰ ਪ੍ਰਤੀ ਏਕੜ ਦੇ ਹਿਸਾਬ ਛਿੜਕੋ । ਛਿੜਕਾਅ ਇਕਸਾਰ ਹੋਣਾ ਚਾਹੀਦਾ ਹੈ ਅਤੇ ਦਵਾਈ 200 ਲਿਟਰ ਪਾਣੀ ਵਿੱਚ ਘੋਲਣੀ ਚਾਹੀਦੀ ਹੈ । ਸਟੌਂਪ ਨਦੀਨ ਨਾਸ਼ਕ ਉੱਗੇ ਹੋਏ ਨਦੀਨਾਂ ਨੂੰ ਨਹੀਂ ਮਾਰਦੀ ਇਸ ਲਈ ਉੱਗੇ ਹੋਏ ਇਟਸਿੱਟ ਦੇ ਬੂਟੇ ਨਦੀਨ ਨਾਸ਼ਕ ਦਾ ਛਿੜਕਾਅ ਕਰਨ ਤੋਂ ਪਹਿਲਾਂ ਖੇਤ ਵਿੱਚੋਂ ਕੱਢ ਦਿਉ । ਨਰਮਾ/ਕਪਾਹ ਦੀ ਫਸਲ ਵਿਚ ਪਹਿਲੇ ਪਾਣੀ ਤੋਂ ਬਾਅਦ ਖੇਤ ਵੱਤਰ ਆਉਣ ਤੇ 500 ਮਿਲੀਲਿਟਰ ਪ੍ਰਤੀ ਏਕੜ ਹਿਟਵੀਡ ਮੈਕਸ 10 ਪ੍ਰਤੀਸਤ (ਪਾਈਰੀਥਾਇਓਬੈਕ ਸੋਡੀਅਮ 6% + ਕਇਜ਼ਾਲੋਫਾਪਇਥਾਇਲ 4%) ਦਾ ਛਿੜਕਾਅ ਕਰਨ ਤੇ ਘਾਹ ਅਤੇ ਚੌੜੇ ਪੱਤੇ ਵਾਲੇ ਮੌਸਮੀ ਨਦੀਨਾਂ ਦੀ ਚੰਗੀ ਰੋਕਥਾਮ ਕੀਤੀ ਜਾ ਸਕਦੀ ਹੈ । ਇਹ ਨਦੀਨਨਾਸ਼ਕ ਲਪੇਟਾ ਵੇਲ (ਗੁਆਰਾ ਵੇਲ) ਦੀ ਵੀ 2 ਤੋਂ 5 ਪੱਤਿਆਂ ਦੀ ਅਵਸਥਾ ਤੇ ਚੰਗਾ ਰੋਕਥਾਮ ਕਰਦੀ ਹੈ । ਨਰਮਾ/ਕਪਾਹ ਬੀਜਣ ਤੋਂ 45 ਦਿਨ ਬਾਅਦ ਨਦੀਨਾਂ ਦੇ ਨਾਸ਼ ਲਈ ਇਕ ਗੋਡੀ ਜ਼ਰੂਰ ਕਰੋ ।

# ਕਣਕ ਦੀ ਵਾਢੀ ਲਈ ਕੰਬਾਈਨ ਦੀ ਸਹੀ ਵਰਤੋਂ ਕਰੋ

**ਕਣਕ ਦੀ ਵਾਢੀ ਸਮੇਂ ਕਣਕ ਦੀ ਫਸਲ ਵਿਚ 10 ਤੋਂ 12 ਪ੍ਰਤੀਸ਼ਤ ਨਮੀਂ ਹੋਣੀ ਚਾਹੀਦੀ ਹੈ, ਪਰ ਆਮ ਤੌਰ ਤੇ ਕਿਸਾਨ ਵੀਰ ਇਸ ਨਮੀਂ ਤੋਂ ਜ਼ਿਆਦਾ ਘੱਟ ਤੇ ਕਣਕ ਦੀ ਵਾਢੀ ਕਰਦੇ ਹਨ, ਜਿਸ ਕਰਕੇ ਦਾਣਿਆ ਦਾ ਨੁਕਸਾਨ ਜ਼ਿਆਦਾ ਹੋ ਜਾਂਦਾ ਹੈ । ਕੰਬਾਈਨ ਰਾਹੀਂ ਕਣਕ ਦੀ ਵਾਢੀ ਸਮੇਂ ਹੋਣ ਨਾਲ ਨੁਕਸਾਨਾਂ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ ।**

ਅਜੈਬ ਸਿੰਘ, ਸ਼ਿਵਾ ਭੰਬੋਟਾ ਅਤੇ
ਮਨਿੰਦਰ ਸਿੰਘ ਬੌਂਸ,
ਕ੍ਰਿਸ਼ੀ ਵਿਗਿਆਨ ਕੇਂਦਰ, ਹੁਸ਼ਿਆਰਪੁਰ
(ਮੋ. 94647-64320)

★ ਕਣਕ ਦੀ ਵਾਢੀ ਸਮੇਂ ਨਮੀਂ ਦੀ ਮਾਤਰਾ ਦਾਣਿਆਂ ਦੇ ਨੁਕਸਾਨ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ । ਜ਼ਿਆਦਾ ਨਮੀਂ ਘੱਟ ਹੋਣ ਨਾਲ ਕਣਕ ਦੀ ਵਾਢੀ ਤੋਂ ਪਹਿਲਾਂ ਖੇਤ ਵਿਚ ਹੀ ਦਾਣੇ ਕਿਰ ਜਾਂਦੇ ਹਨ ਅਤੇ ਕਟਰਬਾਰ ਦੇ ਚੱਲਣ ਨਾਲ ਦਾਣਿਆਂ ਦਾ ਨੁਕਸਾਨ ਵੀ ਹੁੰਦਾ ਹੈ ਅਤੇ ਘੱਟ ਨਮੀਂ ਕਰਕੇ ਫਸਲ ਦੀ ਗਹਾਈ ਵੀ ਠੀਕ ਸਮਰੱਥਾ ਨਾਲ ਕੰਮ ਨਹੀਂ ਕਰਦੀ । ਜ਼ਿਆਦਾ ਨਮੀਂ ਹੋਣ ਕਰਕੇ ਫਸਲ ਕਈ ਵਾਰੀ ਸਿਲੰਡਰ ਵਿੱਚ ਫਸ ਜਾਂਦੀ ਹੈ ਅਤੇ ਗਹਾਈ ਵਿੱਚ ਮੁਸ਼ਕਲ ਹੁੰਦੀ ਹੈ ।



★ ਕਟਰਬਾਰ ਦੁਆਰਾ ਖੁੰਝ ਗਏ ਕਣਕ ਦੇ ਸਿੱਟੇ, ਕਟਰਬਾਰ ਦੇ ਬਲੇਡਾਂ ਦੁਆਰਾ ਦਾਣਿਆਂ ਦਾ ਟੁੱਟਣਾ ਅਤੇ ਕਣਕ ਦੀ ਫਸਲ ਵਿਚ ਘੱਟ ਨਮੀਂ ਕਰਕੇ ਰੀਲ ਨਾਲ ਦਾਣਿਆਂ ਦਾ ਕਿਰਨਾ, ਇਹ ਸਾਰੇ ਕਟਰਬਾਰ ਦੇ ਨੁਕਸਾਨ ਹਨ ।

★ ਕੰਬਾਈਨਾਂ ਦੇ ਸਟਰਾਅ ਵਾਕਰਾਂ ਅਤੇ ਛਾਨਣਿਆਂ ਤੋਂ ਅਣਗਹੇ ਦਾਣੇ, ਜੋ ਕੰਬਾਈਨ ਦੇ ਪਿਛਲੇ ਪਾਸੇ ਫੂਸ ਦੇ ਨਾਲ ਖੇਤ ਵਿਚ ਡਿੱਗ ਜਾਂਦੇ ਹਨ, ਇਹਨਾਂ ਨੂੰ ਸਿਲੰਡਰ ਦਾ ਨੁਕਸਾਨ ਕਿਹਾ ਜਾਂਦਾ ਹੈ ।

★ ਕੰਬਾਈਨ ਦੇ ਪਿਛਲੇ ਪਾਸੇ ਸਟਰਾਅ ਵਾਕਰਾਂ ਤੋਂ ਕਣਕ ਦੇ ਫੂਸ ਵਿਚ ਗਹੇ ਦਾਣੇ ਨਾਲ ਆ ਜਾਂਦੇ ਹਨ, ਇਹ ਦਾਣਿਆਂ ਦੇ ਨੁਕਸਾਨ ਨੂੰ ਸਟਰਾਅ ਵਾਕਰਾਂ ਦਾ ਨੁਕਸਾਨ ਕਿਹਾ ਜਾਂਦਾ ਹੈ ।

★ ਕੰਬਾਈਨ ਦੇ ਪਿਛਲੇ ਪਾਸੇ ਛਾਨਣਿਆਂ ਤੋਂ ਕਣਕ ਦੇ ਫੂਸ ਵਿਚ ਗਹੇ ਦਾਣੇ ਨਾਲ ਆ ਜਾਂਦੇ ਹਨ, ਇਹ ਦਾਣਿਆਂ ਦੇ ਨੁਕਸਾਨ ਨੂੰ ਛਾਨਣਿਆਂ ਦਾ ਨੁਕਸਾਨ ਕਿਹਾ ਜਾਂਦਾ ਹੈ ।

## ਕੰਬਾਈਨ ਦੀ ਸੁਚੱਜੀ ਕਟਾਈ ਬਾਬਤ ਜ਼ਰੂਰੀ ਨੁਕਤੇ

1. ਕੰਬਾਈਨ ਨੂੰ ਖੇਤ ਵਿਚ ਚਲਾਉਣ ਤੋਂ ਪਹਿਲਾਂ ਉਸ ਵਿਚੋਂ ਪਿਛਲੀ ਫਸਲ ਦੀ ਰਹਿੰਦ ਖੂੰਹਦ ਨੂੰ ਸਾਫ ਕਰ ਲੈਣਾ ਚਾਹੀਦਾ ਹੈ । ਇਹ ਯਕੀਨੀ ਬਣਾਇਆ ਜਾਵੇ ਕਿਸੇ ਥਾਂ ਤੇ ਲੋੜ ਤੋਂ ਜ਼ਿਆਦਾ ਗਰੀਸ ਨਾ ਲੱਗੀ ਹੋਵੇ ।
2. ਕੰਬਾਈਨ ਦੇ ਸਾਰੇ ਨੱਟ ਬੋਲਟ ਅਤੇ ਸ਼ੀਲਡਾਂ ਨੂੰ ਕੱਸ ਦੇਣਾ ਚਾਹੀਦਾ ਹੈ ।
3. ਸਾਰਿਆਂ ਚੇਨਾਂ ਨੂੰ ਤੇਲ ਦੇਣਾ ਚਾਹੀਦਾ ਹੈ ।
4. ਕੰਬਾਈਨ ਦੇ ਹੈਡਰ ਦੀ ਸਹੀ ਅਲਾਈਨੈਂਮੈਂਟ ਕਰ ਲੈਣੀ ਚਾਹੀਦੀ ਹੈ ਤਾਂ ਜੋ ਦਾਣਿਆਂ ਦਾ ਨੁਕਸਾਨ ਘੱਟ ਹੋਵੇ ।
5. ਥਰੈਸ਼ਰ ਸਿਲੰਡਰ ਦੀਆਂ ਸਾਰੇ ਬੈਰਿੰਗਾਂ ਠੀਕ ਤਰ੍ਹਾਂ ਕੰਮ ਕਰਦੇ ਹੋਣ ਅਤੇ ਸਿਲੰਡਰ ਦੇ ਸਾਰੇ ਨੱਟ ਅਤੇ ਬੋਲਟ ਕੱਸੇ ਹੋਣ ।
6. ਸਿਲੰਡਰ ਅਤੇ ਕੰਨਕੇਵ ਦੀ ਵਿੱਥ ਸਹੀ ਹੋਣੀ ਚਾਹੀਦੀ ਹੈ ਤਾਂ ਜੋ ਗਹਾਈ ਵਧੀਆ ਤਰੀਕੇ ਨਾਲ ਹੋ ਸਕੇ ।
7. ਪੱਖੇ ਦੇ ਬਲੇਡ ਸਾਫ ਹੋਣੇ ਚਾਹੀਦੇ ਹਨ ਤਾਂ ਜੋ ਦਾਣਿਆਂ ਦੀ ਸਫਾਈ ਸਹੀ ਢੰਗ ਨਾਲ ਹੋ ਸਕੇ ।
8. ਪੱਖੇ ਨੂੰ ਚਲਾਉਣ ਵਾਲੀ ਬੈਲਟਾਂ ਸਹੀ ਹਾਲਤ ਵਿਚ ਹੋਣੀਆਂ ਚਾਹੀਦੀਆਂ ਹਨ ।
9. ਛਾਨਣਿਆਂ ਦੀ ਸਫਾਈ ਰੱਖੋ ਤਾਂ ਜੋ ਦਾਣਿਆਂ ਦੀ ਸਫਾਈ ਸਹੀ ਢੰਗ ਨਾਲ ਹੋ ਸਕੇ ।
10. ਦਾਣਿਆਂ ਵਾਲਾ ਟੈਂਕ ਸੁੱਕਾ ਅਤੇ ਸਾਫ ਰੱਖੋ ।
11. 90 ਪ੍ਰਤੀਸ਼ਤ ਤੋਂ ਵੱਧ ਦਾਣੇ ਪੱਕਣ ਤੇ ਹੀ ਕੰਬਾਈਨ ਨਾਲ ਫਸਲ ਦੀ ਕਟਾਈ ਕੀਤੀ ਜਾਵੇ ।
12. ਕੰਬਾਈਨ ਨੂੰ ਸਹੀ ਗਤੀ ਵਿਚ ਚਲਾਉਣਾ ਚਾਹੀਦਾ ਹੈ । ਜੇਕਰ ਕੰਬਾਇਲ ਵਿਚ ਫਸਲ ਦਾ ਹੁੱਗ ਜ਼ਿਆਦਾ ਚਲਾ ਜਾਵੇ ਜਾਂ ਓਵਰਲੋਡ ਹੋ ਜਾਵੇ ਤਾਂ ਇਸ ਦੀ ਗਤੀ ਘੱਟ ਕਰ ਦੇਣੀ ਚਾਹੀਦੀ ਹੈ ਤਾਂ ਜੋ ਗਹਾਈ ਦਾ ਕੰਮ ਸੁਚੱਜੇ ਢੰਗ ਨਾਲ ਹੋ ਸਕੇ ।
13. ਬੀ.ਆਈ.ਐਸ. ਕੋਡ ਦੇ ਅਨੁਸਾਰ ਕਣਕ ਦੀ ਕਟਾਈ ਦੌਰਾਨ ਕੁੱਲ ਦਾਣਿਆਂ ਦਾ ਨੁਕਸਾਨ 2.5 ਪ੍ਰਤੀਸ਼ਤ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ ਹੈ । ਜੇਕਰ ਕਣਕ ਦੇ ਦਾਣੇ 1% ਤੋਂ ਜ਼ਿਆਦਾ ਟੁੱਟੇ ਹੋਣ ਤਾਂ ਸਿਲੰਡਰ ਦੀ ਗਤੀ ਘਟਾਓ ਜਾਂ ਕਨਕੇਵ ਦੀ ਵਿੱਥ ਵਧਾਓ । ਜੇਕਰ ਅਣਗਹੇ ਦਾਣੇ 1% ਤੋਂ ਵੱਧ ਹੋਣ ਤਾਂ ਸਿਲੰਡਰ ਕਲਕੇਵ ਦੀ ਵਿੱਥ ਨੂੰ ਘਟਾਓ ।
14. ਕੰਬਾਈਨ ਦੇ ਅੱਗੇ ਅਤੇ ਪਿਛਲੇ ਟਾਇਰਾਂ ਵਿਚ ਹਵਾ ਦਾ ਪ੍ਰੈਸ਼ਰ ਸਹੀ ਰੱਖੋ ।
15. ਕਣਕ ਦੀ ਡਿੱਗੀ ਹੋਈ ਫਸਲ ਦੀ ਉਲਟ ਦਿਸ਼ਾ ਵੱਲ ਕੰਬਾਈਨ ਨੂੰ ਚਲਾਓ ।
16. ਜੇਕਰ ਕਟਰਬਾਰ ਦੇ ਬਲੇਡ ਖੁੰਡੇ ਹੋਣ ਤਾਂ ਨਵੇਂ ਬਲੇਡਾਂ ਨਾਲ ਬਦਲ ਲੈਣਾ ਚਾਹੀਦਾ ਹੈ ।
17. ਟੂਲ ਬਾਕਸ ਵਿੱਚ ਨਟ ਬੋਲਟ, ਬੈਰਿੰਗ, ਬਲੇਡ ਆਦਿ ਰੱਖੇ ਹੋਣੇ ਚਾਹੀਦੇ ਹਨ ਤਾਂ ਜੋ ਲੋੜ ਪੈਣ ਤੇ ਇਹਨਾਂ ਦੀ ਵਰਤੋਂ ਕੀਤੀ ਜਾ ਸਕੇ ।

# ਵਣ-ਖੇਤੀ : ਫਸਲੀ ਵਿਭਿੰਨਤਾ ਲਿਆਉਣ ਲਈ ਇਕ ਵਿਕਲਪ

ਵਰੁਣ ਅੱਤਰੀ, ਬਲਵਿੰਦਰ ਸਿੰਘ ਢਿੱਲੋਂ ਅਤੇ ਬੀ ਐਸ ਭੋਪਲੇ,
ਖੇਤਰੀ ਖੋਜ ਕੇਂਦਰ, ਬੱਲੋਵਾਲ ਸੌਂਖੜੀ



**ਪੰਜਾਬ ਵਿਚ ਖੇਤੀ ਜੰਗਲਾਤ ਵਿਚ ਸੰਭਾਵੀ ਤੌਰ 'ਤੇ ਪਾਪਲਰ, ਡੇਕ, ਨੀਮ, ਸਫੈਦਾ, ਟਾਹਲੀ, ਬਰਮਾ ਡੇਕ, ਤੁਣ, ਗਮਰ, ਵਿਲੋ ਆਦਿ ਉਗਾਈਆਂ ਜਾ ਸਕਣ ਵਾਲੀਆਂ ਦਰਖਤਾਂ ਦੀਆਂ ਕਿਸਮਾਂ ਹਨ । ਕੰਢੀ ਖੇਤਰ ਰੁੱਖਾਂ ਅਤੇ ਝਾੜੀਆਂ ਦੀ ਇੱਕ ਵਿਸ਼ਾਲ ਸ਼੍ਰੇਣੀ ਦਾ ਘਰ ਹੈ ਜੋ ਘਾਟ ਦੇ ਸਮੇਂ ਬਾਲਣ, ਚਾਰਾ ਅਤੇ ਲੱਕੜ ਪ੍ਰਦਾਨ ਕਰਨ ਦੇ ਨਾਲ-ਨਾਲ ਮਿੱਟੀ ਦੀ ਸੰਭਾਲ ਵਿਚ ਮਹੱਤਵਪੂਰਣ ਭੂਮਿਕਾ ਅਦਾ ਕਰਦੇ ਹਨ । ਕੰਢੀ ਖੇਤਰ ਦੀਆਂ ਕੁਝ ਮਹੱਤਵਪੂਰਣ ਰੁੱਖਾਂ ਦੀਆਂ ਕਿਸਮਾਂ ਗਰੇਵੀਆ ਬਾਂਸ, ਸਰੀਂਹ, ਖੈਰ, ਕਿਕਰ, ਸੁਬਾਬੁਲ ਆਦਿ ਹਨ ।**

### ਵਣ-ਖੇਤੀ ਲਈ ਫਸਲਾਂ ਦੀ ਚੋਣ ਕਿਵੇਂ ਕਰੀਏ ?

★ ਝੋਨੇ ਨੂੰ ਛੱਡ ਕੇ ਪਹਿਲੇ ਤਿੰਨ ਸਾਲਾਂ ਦੌਰਾਨ ਸਾਰੀਆਂ ਹਾੜ੍ਹੀ ਅਤੇ ਸਾਉਣੀ ਦੀਆਂ ਫਸਲਾਂ ਪਾਪਲਰ ਵਿੱਚ ਸਫਲਤਾ ਪੂਰਵਕ ਕਾਸ਼ਤ ਕੀਤੀਆਂ ਜਾ ਸਕਦੀਆਂ ਹਨ ।

★ ਪੰਜਾਬ ਦੇ ਗੰਨਾ ਉਤਪਾਦਕ ਖੇਤਰਾਂ ਵਿਚ, ਕਿਸਾਨ ਪਾਪਲਰ ਵਿਚ ਪਹਿਲੇ ਦੋ ਸਾਲਾਂ ਲਈ ਗੰਨੇ ਦੀ ਖੇਤੀ ਕਰ ਸਕਦੇ ਹਨ ।

★ ਪਹਿਲੇ ਚਾਰ ਸਾਲਾਂ ਲਈ ਹਲਦੀ ਦੀ ਅੰਤਰ-ਖੇਤੀ ਵੀ ਲਾਭਦਾਇਕ ਹੈ ।

★ ਮੈਂਥਾ ਪ੍ਰੋਸੈਸਿੰਗ ਪਲਾਂਟ ਵਾਲੇ ਇਲਾਕੇ ਵਿਚ ਮੈਂਥੇ ਨੂੰ ਪਾਪਲਰ ਨਾਲ ਸ਼ੁਰੂਆਤ 2-3 ਸਾਲ ਲਈ ਸਫਲਤਾ ਪੂਰਵਕ ਲਗਾਇਆ ਜਾ ਸਕਦਾ ਹੈ ।

★ ਪਾਪਲਰ ਵਿਚ ਪਹਿਲੇ 3-4 ਸਾਲਾਂ ਲਈ, ਸਾਉਣੀ ਰੁੱਤ ਦੇ ਹਰੇ ਚਾਰੇ ਜਵਾਰ, ਰਵਾਂਹ ਅਤੇ ਬਾਜਰਾ ਦੀ ਕਾਸ਼ਤ ਕੀਤੀ ਜਾ ਸਕਦੀ ਹੈ ।

★ ਪਤਝੜ ਵਾਲੇ ਰੁੱਖ ਹੋਣ ਕਰਕੇ ਪਾਪਲਰ ਵਿਚ ਲਗਭਗ ਸਾਰੀਆਂ ਹਾੜ੍ਹੀ ਦੀਆਂ ਫਸਲਾਂ ਜਿਵੇਂ ਕਿ ਕਣਕ, ਸਰ੍ਹੋਂ, ਆਲੂ, ਜਵੀ, ਬਰਸੀਮ ਦੀ ਕਾਸ਼ਤ ਕੀਤੀ ਜਾ ਸਕਦੀ ਹੈ ।

★ ਕਣਕ ਸਭ ਤੋਂ ਵੱਧ ਲਾਭਕਾਰੀ ਫਸਲਾਂ ਵਿਚੋਂ ਇੱਕ ਹੈ ਜੋ ਪੰਜਾਬ ਦੇ ਕਿਸੇ ਵੀ ਖੇਤਰ ਵਿਚ ਬੀਜਣ ਤੋਂ ਲੈ ਕੇ ਪਾਪਲਰ ਦੀ ਕਟਾਈ ਤੱਕ ਸਫਲਤਾ ਪੂਰਵਕ ਉਗਾਈ ਜਾ ਸਕਦੀ ਹੈ ।

★ ਕਣਕ ਦੀਆਂ ਕਿਸਮਾਂ ਪੀ ਬੀ ਡਬਲਯੂ-725, ਪੀ ਬੀ ਡਬਲਯੂ-677 ਅਤੇ ਡਬਲਯੂ ਐਚ-1105 ਪਾਪਲਰ ਵਿਚ ਵਧੀਆ ਝਾੜ ਦਿੰਦੀਆਂ ਹਨ । ਛੇ ਸਾਲ ਦੀ ਉਮਰ ਦੇ ਪਾਪਲਰ ਵਿਚ ਵੀ ਕਣਕ ਦੀ 60 ਫੀਸਦੀ ਤੋਂ ਵੱਧ ਉਪਜ ਪੈਦਾ ਕੀਤੀ ਜਾ ਸਕਦੀ ਹੈ । ਪਾਪਲਰ ਹੇਠ ਕਣਕ ਦਾ ਵਧੀਆ ਝਾੜ ਪ੍ਰਾਪਤ ਕਰਨ ਲਈ, ਨਵੰਬਰ ਦੇ ਪਹਿਲੇ ਪੰਦਰਵਾੜੇ ਵਿਚ ਕਣਕ ਦੀਆਂ ਇਨ੍ਹਾਂ ਕਿਸਮਾਂ ਦੀ ਬਿਜਾਈ ਕਰੋ । ਦੇਰੀ ਨਾਲ ਬਿਜਾਈ ਦਾ ਮਤਲਬ ਅਨਾਜ ਦੀ ਪੈਦਾਵਰ ਨੂੰ ਘਟਾਉਣਾ ਹੈ ਕਿਉਕਿ ਇਹ ਪਾਪਲਰ ਪੱਤਿਆਂ ਦੇ ਡਿੱਗਣ ਨਾਲ ਮੇਲ ਖਾਂਦਾ ਹੈ ਜੋ ਬੀਜ ਦੇ ਉੱਗਣ ਵਿਚ ਰੁਕਾਵਟ ਪਾਉਂਦਾ ਹੈ ।

★ ਬਾਅਦ ਦੇ ਸਾਲਾਂ ਵਿਚ ਅੰਤਰ-ਫਸਲ ਵਾਲੀ ਕਣਕ ਨੂੰ 25 ਪ੍ਰਤੀਸ਼ਤ ਵੱਧ ਬੀਜ ਅਤੇ ਨਾਈਟ੍ਰੋਜਨ ਖਾਦ ਦੀ ਵਰਤੋਂ ਕਰਨ ਨਾਲ ਕਣਕ ਦੀ ਵੱਧ ਪੈਦਾਵਾਰ ਲਈ ਜਾ ਸਕਦੀ ਹੈ ।

★ ਸਰਦ ਰੁੱਤ ਦੀਆਂ ਸਬਜ਼ੀਆਂ ਜਿਵੇਂ ਕਿ ਪਾਲਕ, ਮੂਲੀ ਅਤੇ ਗੋਭੀ ਰੁੱਖਾਂ ਦੇ ਹੇਠਾਂ ਲੰਬੇ ਸਮੇਂ ਲਈ ਤਾਜ਼ੀਆਂ ਰਹਿੰਦੀਆਂ ਹਨ ਅਤੇ ਪਾਪਲਰ ਦੇ ਹੇਠਾਂ ਕਾਸ਼ਤ ਲਈ ਢੁੱਕਵੀਆਂ ਹਨ ।

★ ਪਾਪਲਰ ਦੇ ਹੇਠਾਂ ਫੁੱਲਾਂ ਦਾ ਉਤਪਾਦਨ ਖਾਸ ਤੌਰ 'ਤੇ ਮਿੱਠੇ ਵਿਲੀਅਮ ਅਤੇ ਮੈਰੀਗੋਲਡ ਦਾ ਉਤਪਾਦਨ ਵੀ ਲਾਹੇਵੰਦ ਸਾਬਤ ਹੋ ਸਕਦਾ ਹੈ ।

# ਸੱਭਿਅਕ ਸਮਾਜ ਦੇ ਨਿਘਾਰ ਵੱਲ ਵਧਦੇ ਕਦਮ

ਕੋਈ ਜ਼ਮਾਨਾ ਸੀ ਜਦ ਲੋਕੀਂ ਬਹੁਤ ਵਾਅਦੇ ਜ਼ੁਬਾਨੀ ਕਰਦੇ ਸਨ ਅਤੇ ਉਨ੍ਹਾਂ ਨੂੰ ਯਾਦ ਰੱਖ ਕੇ ਸਾਲਾਂ ਤੱਕ ਨਿਭਾਉਂਦੇ ਸਨ। ਇੱਥੋਂ ਤੱਕ ਕਿ ਜੇ ਦੋ ਪਰਿਵਾਰਾਂ ਨੇ ਆਪਣੇ ਛੋਟੇ ਹੁੰਦੇ ਬੱਚਿਆਂ ਦਾ ਰਿਸ਼ਤਾ ਪੱਕਾ ਕਰ ਲਿਆ ਤਾਂ ਜਵਾਨ ਹੋਣ ਤੱਕ ਉਡੀਕ ਲੈਂਦੇ। ਰਿਸ਼ਤੇ ਪੱਕੇ ਕਰਨ 'ਚ ਪੰਡਤ, ਨਾਈ ਜਾਂ ਮਰਾਸੀ ਵੀ ਆਪਣਾ ਯੋਗਦਾਨ ਪਾਉਂਦੇ, ਪਰ ਉਨ੍ਹਾਂ ਦੀ ਇਮਾਨਦਾਰੀ ਵੀ ਵੇਖੋ, ਰਿਸ਼ਤਾ ਉੱਥੇ ਕਰਾਉਂਦੇ, ਜਿਨ੍ਹਾਂ ਦੋਹਾਂ ਘਰਾਂ ਨੂੰ ਉਹ ਜਾਣਦੇ ਹੁੰਦੇ ਸਨ ਅਤੇ ਉਨ੍ਹਾਂ ਦੀ ਨਿਭ ਸਕਦੀ ਸੀ। ਬਹੁਤੀ ਵਾਰ ਕੁੜੀ ਵਾਲਿਆਂ ਵਲੋਂ ਸ਼ਗਨ ਵੀ ਉਹੀ ਲੈ ਕੇ ਜਾਂਦੇ ਸਨ। ਮੁੰਡਾ-ਕੁੜੀ ਵਿਆਹ ਤੋਂ ਬਾਅਦ ਹੀ ਆਪਸ ਵਿਚ ਮਿਲਦੇ ਸਨ। ਕਾਮਯਾਬ ਵਿਆਹਾਂ ਦੀ ਦਰ ਅੱਜ ਤੋਂ ਕਈ ਗੁਣਾ ਜ਼ਿਆਦਾ ਸੀ। ਪਿੰਡ ਦੀਆਂ ਧੀਆਂ ਭੈਣਾਂ ਸਭ ਦੀਆਂ ਸਾਂਝੀਆਂ ਸਨ। ਇੱਥੋਂ ਤੱਕ ਕਿ ਜੇ ਕਿਸੇ ਪਿੰਡ ਕੋਈ ਬਰਾਤ ਲੈ ਕੇ ਗਿਆ, ਜਿੱਥੇ ਉਸ ਪਿੰਡ ਦੀ ਕੋਈ ਕੁੜੀ ਪਹਿਲਾਂ ਵਿਆਹੀ ਹੋਈ ਹੈ ਤਾਂ ਲੜਕੇ ਦਾ ਬਾਪ ਪਰੋਸਾ (ਸ਼ਗਨ) ਲੈ ਕੇ ਉਸ ਕੁੜੀ ਦੇ ਘਰ ਵੀ ਜਾਂਦਾ ਅਤੇ ਵਿਆਹ 'ਚ ਸ਼ਾਮਿਲ ਹੋਣ ਦਾ ਸੱਦਾ ਦੇ ਕੇ ਆਉਂਦਾ। ਅੱਜ ਵਾਂਗ ਨਹੀਂ, ਰਿਸ਼ਤਾ ਪੱਕਾ ਕਰਨ ਤੋਂ ਪਹਿਲਾਂ ਦੋਵੇਂ ਪਰਿਵਾਰ ਇਕ-ਦੂਜੇ ਨੂੰ ਮਿਲਦੇ ਵੀ ਹਨ, ਦੇਣ-ਲੈਣ ਵੀ ਮਿੱਥਿਆ ਜਾਂਦਾ ਹੈ। ਉਸ ਤੋਂ ਬਾਅਦ ਰੋਕਾ, ਸ਼ਗਨ ਅਤੇ ਚੁੰਨੀ ਦੀਆਂ ਰਸਮਾਂ ਵੀ ਹੁੰਦੀਆਂ ਹਨ। ਅੱਜ-ਕੱਲ੍ਹ ਇਕ ਹੋਰ ਰਿਵਾਜ ਚੱਲ ਪਿਆ, ਜਿਸ ਨੂੰ ''ਪ੍ਰੀਵੈਡਿੰਗ ਸ਼ੂਟ'' ਕਿਹਾ ਜਾਂਦਾ ਹੈ, ਜਿਸ 'ਚ ਮੁੰਡਾ-ਕੁੜੀ ਵਿਆਹ ਤੋਂ ਪਹਿਲਾਂ ਸੈਲਾਨੀ ਜਗ੍ਹਾ 'ਤੇ ਜਾ ਕੇ ਵੱਖ-ਵੱਖ ਅੰਦਾਜ਼ਾਂ 'ਚ ਇਕ ਫਿਲਮ ਬਣਾਉਂਦੇ ਹਨ। ਇਹ ਫਿਲਮ ਵਿਆਹ ਵਾਲੇ ਦਿਨ ਵਿਆਹ 'ਚ ਸ਼ਾਮਿਲ ਹੋਣ ਮਹਿਮਾਨਾਂ ਨੂੰ ਦਿਖਾਈ ਜਾਂਦੀ ਹੈ। ਭਾਵ ਜਿਹੜੀ ਗੱਲ ਵਿਆਹ ਤੋਂ ਬਾਅਦ ਸ਼ੁਰੂ ਹੋਣੀ ਸੀ, ਉਹ ਵਿਆਹ ਹੋਣ ਤੱਕ ਤਕਰੀਬਨ-ਤਕਰੀਬਨ ਪੂਰੀ ਹੋ ਜਾਂਦੀ ਹੈ। ਭਾਵ ਜੋ ਪਵਿੱਤਰ ਬੰਧਨ ਲਾਵਾਂ/ਫੇਰਿਆਂ ਜਾਂ ਅਨੰਦ ਕਾਰਜ ਨਾਲ ਬੰਨ੍ਹਿਆ ਜਾਣਾ ਸੀ, ਉਹ ਰਸਮਾਂ ਤਾਂ ਸਿਰਫ ਲੋਕ ਦਿਖਾਵਾ ਹੀ ਬਣ ਕੇ ਰਹਿ ਗਈਆਂ। ਜਦੋਂ ਫਿਲਮੀ ਦੁਨੀਆਂ ਤੋਂ ਬਾਅਦ ਅਗਲੀ ਜ਼ਿੰਦਗੀ ਸ਼ੁਰੂ ਹੁੰਦੀ ਹੈ, ਉਸ ਤੋਂ ਬਾਅਦ ਉਲਾਂਭੇ ਅਤੇ ਲੜਾਈ-ਝਗੜੇ, ਤੂੰ-ਤੂੰ, ਮੈਂ-ਮੈਂ ਤੋਂ ਵਧਦੇ-ਵਧਦੇ 'ਮੈਂ ਨਹੀਂ ਤੇਰੇ ਵੱਸਣਾ' ਤੱਕ ਪਹੁੰਚ ਜਾਂਦੀ ਹੈ। ਘਰ ਦੀ ਗੱਲ ਬਾਹਰ ਪੰਚਾਇਤ 'ਚ ਅਤੇ ਪੰਚਾਇਤ ਤੋਂ ਅੱਗੇ ਕਾਨੂੰਨ ਤੱਕ ਪਹੁੰਚ ਜਾਂਦੀ ਹੈ। ਹਰ ਇਕ ਨੂੰ ਪਤਾ ਹੈ ਕਿ ਕਾਨੂੰਨ ਦੇ ਹੱਥ ਬਹੁਤ ਲੰਬੇ ਹੁੰਦੇ ਹਨ। ਕਾਨੂੰਨ ਦਾ ਸਹਾਰਾ ਤਾਂ ਦੂਜੀ ਧਿਰ ਨੂੰ ਖਰਾਬ ਕਰਨ ਲਈ ਲਿਆ ਜਾਂਦਾ ਹੈ ਪਰ ਪਤਾ ਉਦੋਂ ਲਗਦਾ ਹੈ ਜਦੋਂ ਕਾਨੂੰਨ ਦੇ ਲੰਬੇ ਹੱਥ ਆਵਦੀ ਸੰਘੀ ਤੱਕ ਵੀ ਪਹੁੰਚ ਜਾਂਦੇ ਹਨ। ਅਖੀਰ ਧੱਕੇ ਖਾ ਕੇ ਤੇ ਖੱਜਲ-ਖੁਆਰ ਹੋ ਕੇ ਨਿਬੇੜਾ ਫਿਰ ਪੈਸੇ ਨਾਲ ਹੀ ਹੁੰਦਾ ਹੈ।

ਪੁਰਾਣੇ ਸਮੇਂ 'ਚ ਬਹੁਤੇ ਲੋਕ ਦੀ ਜ਼ੁਬਾਨ ਅਤੇ ਕਿਰਦਾਰ ਸੱਚੇ-ਸੁੱਚੇ ਅਤੇ ਪਾਕ ਸਨ। ਪਰ ਤਰੱਕੀ ਦੀ ਲਾਲਸਾ ਅਤੇ ਲਾਲਚ ਨੇ ਇਸ ਨੂੰ ਵੱਡਾ ਖੋਰਾ ਲਾਇਆ ਹੈ। ਅੱਜ ਲੋਕ ਆਪਣੇ ਪਰਿਵਾਰ ਬਾਰੇ ਸੋਚਦੇ-ਸਮਝਦੇ ਸਮਾਜ ਅਤੇ ਦੇਸ਼ ਨੂੰ ਪਿੱਛੇ ਛੱਡ ਜਾਂਦੇ ਹਨ। ਪੁਰਾਣੇ ਸਮਿਆਂ 'ਚ ਇਹੋ ਜਿਹੇ ਲੋਕਾਂ ਦੀ ਗਿਣਤੀ ਬਹੁਤ ਘੱਟ ਸੀ। ਲੋਕ ਜ਼ੁਬਾਨ ਦੇ ਪੱਕੇ, ਸਮਾਜ ਅਤੇ ਧਰਮ ਤੋਂ ਡਰ ਕੇ ਚੱਲਣ ਵਾਲੇ ਸਨ। ਆਪਸੀ ਭਾਈਚਾਰੇ ਦੀ ਸ਼ਰਮ ਸਭ ਤੋਂ ਵੱਡੀ ਸੀ ਪਰ ਅੱਜ ਜਿਹੜਾ ਇਨਸਾਨ ਪੈਸੇ ਅਤੇ ਰੁਤਬੇ 'ਚ ਜਿੰਨਾ ਵੱਡਾ ਹੋ ਗਿਆ, ਉਸ ਨੇ ਭਾਈਚਾਰੇ ਦੀ ਸ਼ਰਮ ਓਨੀ ਹੀ ਛਿੱਕੇ ਟੰਗ ਦਿੱਤੀ ਅਤੇ ਧਰਮ ਨੂੰ ਜੇਬ 'ਚ ਪਾ ਲਿਆ। ਇਸ ਦੀ ਵਿਆਖਿਆ ਕੁਝ ਇਸ ਤਰ੍ਹਾਂ ਦੀ ਹੈ।

**ਸਿਆਸਤ** : ਸਿਆਸਤਦਾਨ ਭਾਵ ਉਹ ਇਨਸਾਨ ਜਿਨ੍ਹਾਂ ਉੱਪਰ ਲੋਕਾਂ ਦਾ ਜੀਵਨ ਸੁਖਾਲਾ ਬਣਾਉਣ ਦਾ ਭਾਰ ਹੁੰਦਾ ਹੈ। ਇਹ ਲੋਕ, ਆਮ ਲੋਕਾਂ ਲਈ ਇਕ ਰੋਲ ਮਾਡਲ ਹੁੰਦੇ ਹਨ। ਉਸ ਇਲਾਕੇ ਦੇ ਸਾਰੇ ਲੋਕਾਂ ਦੀਆਂ ਨਜ਼ਰਾਂ ਉਨ੍ਹਾਂ 'ਤੇ ਹੁੰਦੀਆਂ ਹਨ ਪਰ ਜਦੋਂ ਰੋਲ ਮਾਡਲ ਹੀ ਥਿੜਕਦਾ ਨਜ਼ਰ ਆਵੇ, ਫਿਰ ਕੋਈ ਕਿਸ ਵੱਲ ਵੇਖੇ। ਨੇੜਲੇ ਦਿਨਾਂ 'ਚੋ ਵੋਟਾਂ ਆ ਰਹੀਆਂ ਹਨ, ਦਲ-ਬਦਲਣੇ ਵੋਟਾਂ ਤੋਂ ਪਹਿਲਾਂ ਸੁਭਾਵਿਕ ਹਨ। ਇਸ ਵੇਲੇ ਵੱਡੀ ਸੋਚਣ ਦੀ ਗੱਲ ਹੈ ਕਿ ਮੀਡਿਆ ਦੇ ਜ਼ਮਾਨੇ 'ਚ ਜਦੋਂ ਹਰ ਗੱਲ ਦਾ ਰਿਕਾਰਡ ਮਿਲ ਜਾਂਦਾ ਹੈ। ਜਿਹੜੀ ਜਗ੍ਹਾ ਇਹ ਜਾਂਦੇ, ਉਸ ਬਾਰੇ ਪਹਿਲਾਂ ਕੀ ਬੋਲੇ ਸੀ, ਇਹ ਭੁੱਲ ਜਾਂਦੇ ਹਨ ਕਿਉਂਕਿ ਇਨ੍ਹਾਂ ਦਾ ਮਕਸਦ ਤਾਂ ਤਾਕਤ ਹਾਸਲ ਕਰਨਾ ਹੈ। ਜਿਹੜੇ ਪਾਸੇ ਪਲੜਾ ਭਾਰੀ ਹੋਇਆ, ਉਸ ਪਾਸੇ ਝੁਕ ਗਏ। ਇਨ੍ਹਾਂ ਲਈ ਸਿਰਫ ਪੈਸਾ, ਤਾਕਤ ਅਤੇ ਆਪਣੇ ਪਰਿਵਾਰ ਨੂੰ ਪਹਿਲ ਹੈ। ਲੋਕ



ਡਾ. ਅਮਨਪ੍ਰੀਤ ਸਿੰਘ ਬਰਾੜ
ਮੋ: 96537-90000

ਜਿਨ੍ਹਾਂ ਨੇ ਇਨ੍ਹਾਂ ਨੂੰ ਆਗੂ ਬਣਾਇਆ, ਉਨ੍ਹਾਂ ਦੀ ਕੋਈ ਅਹਿਮੀਅਤ ਨਹੀਂ। ਹਰ ਸਿਆਸਤਦਾਨ ਹੁਣ ਆਮ ਤੇ ਵਿਚਾਰਾ ਜਿਹਾ ਬਣਨ ਲੱਗ ਜਾਊਗਾ ਅਤੇ ਗਲੀਆਂ, ਮੁਹੱਲਿਆਂ ਵਿਚ ਜਾ ਕੇ ਵੋਟਰਾਂ ਨੂੰ ਜੱਫੀਆਂ ਪਾਉਂਦਾ ਫਿਰੂ ਪਰ ਜਿੱਦਣ ਜਿੱਤ ਗਿਆ, ਉਸ ਦਿਨ ਇਹ ਆਮ ਤੋਂ ਖਾਸ ਹੋ ਜਾਂਦੇ ਹਨ। ਜਿਨ੍ਹਾਂ ਨੂੰ ਅੱਜ ਆਮ ਲੋਕਾਂ ਤੋਂ ਕੋਈ ਖਤਰਾ ਨਹੀਂ। 4 ਜੂਨ ਤੋਂ ਬਾਅਦ ਉਨ੍ਹਾਂ ਨੂੰ ਇਹੋ ਹੀ ਆਮ ਜਨਤਾ ਖਤਰਨਾਕ ਲੱਗਣ ਲੱਗ ਜਾਣੀ ਹੈ। ਇਨ੍ਹਾਂ ਦੇ ਅੱਗੇ-ਪਿੱਛੇ ਸੁਰੱਖਿਆ ਕਰਮੀਆਂ ਦਾ ਵੱਡਾ ਘੇਰਾ ਆ ਜਾਂਦਾ ਹੈ, ਜਿਸ ਨੂੰ ਪਾਰ ਕਰਨਾ ਆਮ-ਇਨਸਾਨ ਦੇ ਵੱਸ ਦੀ ਗੱਲ ਨਹੀਂ। ਇੱਥੋਂ ਤੱਕ ਕਿ ਮੰਦਿਰ, ਗੁਰਦੁਆਰਿਆਂ 'ਚ ਆਮ ਲੋਕ ਕਤਾਰਾਂ 'ਚ ਜਾਂਦੇ ਹਨ, ਜਦਕਿ ਇਹ ਲੋਕ ਵੀ. ਆਈ. ਪੀ. ਦਰਸ਼ਨ ਕਰਦੇ ਹਨ। ਭਾਵ ਇਹ ਰੱਬ ਦੇ ਘਰ ਵੀ ਨਿਮਾਣੇ ਹੋ ਕੇ ਨਹੀਂ ਜਾਂਦੇ।

ਸੂਝਵਾਨ ਵੋਟਰ ਇਸ ਦੁਬਿਧਾ ਵਿਚ ਫਸ ਜਾਂਦਾ ਹੈ ਕਿ ਮੈਂ ਵੋਟ ਕਿਸ ਨੂੰ ਪਾਵਾਂ; ਕਿਉਂਕਿ ਪਿਛਲੇ 4-5 ਸਾਲਾਂ 'ਚ ਤਾਂ ਖਰੀਦੋ-ਫਰੋਖਤ ਦਾ ਐਸਾ ਰੁਝਾਨ ਬਣਿਆ ਹੈ ਕਿ ਪਤਾ ਹੀ ਚੱਲਦਾ ਕਿਸੇ ਨੇ ਕਦੋ ਵਿੱਕ ਜਾਣਾ ਹੈ ਅਤੇ ਅਤੇ ਆਪਣੇ ਚੁਣਨ ਵਾਲਿਆਂ ਨੂੰ ਧੋਖਾ ਦੇ ਜਾਣਾ ਹੈ। ਜਿਹੜੇ ਲੋਕ ਵੋਟ ਪਾਉਣ ਨਹੀਂ ਜਾਂਦੇ, ਉਨ੍ਹਾਂ ਵਿਚੋਂ ਬਹੁਤਿਆਂ ਦਾ ਕਾਰਨ ਇਹੋ ਹੀ ਹੈ।

**ਅਧਿਆਪਕ** : ਪਹਿਲਾਂ ਸਾਡੀ ਸੱਭਿਅਤਾ 'ਚ ਸਭ ਤੋਂ ਉੱਚ ਦਰਜਾ ਅਧਿਆਪਕ ਦਾ ਸੀ। ਰਾਜੇ-ਮਹਾਰਾਜੇ ਆਪਣੇ ਬੱਚਿਆਂ ਨੂੰ ਸੰਸਾਰੀ ਸਿੱਖਿਆ ਪ੍ਰਦਾਨ ਕਰਨ ਵਾਲੇ ਗੁਰ ਦੇ ਦੁਆਰ ਚੱਲ ਕੇ ਜਾਂਦੇ ਸਨ। ਪਰ ਸਮਾਂ ਬਦਲਦਾ ਗਿਆ। ਗੁਰੂਕੁਲ ਜੋ ਰਾਜੇ-ਮਹਾਰਾਜਿਆਂ ਵੇਲੇ ਆਪਣੀ ਅਲੱਗ ਪਹਿਚਾਣ ਰੱਖਦੇ ਸਨ, ਉਹ ਹੌਲੀ-ਹੌਲੀ ਸਮੇਂ ਦੀ ਸਰਕਾਰ ਦੀ ਜਗੀਰ ਬਣ ਗਏ, ਫਿਰ ਜਿੱਥੇ ਪੂੰਜੀਵਾਦੀ ਸਿਸਟਮ ਚੱਲਿਆ ਸੀ, ਉੱਥੇ ਇਹ ਅਦਾਰੇ ਕਾਰਪੋਰੇਟ ਦੀ ਨਿੱਜੀ ਜਗੀਰ ਬਣ ਗਏ।

ਭਾਰਤ 'ਚ ਅੱਜ ਅਧਿਆਪਕ ਜਿਸ ਨੂੰ ਦੇਸ਼ ਦੀ ਨਵੀਂ ਪੀੜ੍ਹੀ ਨੂੰ ਬਣਾਉਣ ਵਾਲਾ ਥੰਮ੍ਹ ਕਿਹਾ ਜਾਂਦਾ ਸੀ, ਉਸ ਦੀ ਦਸ਼ਾ ਇਹ ਹੈ ਕਿ ਉਹ ਆਪਣੇ ਪਰਿਵਾਰ ਦੇ ਚੰਗੇ ਜੀਵਨ ਨਿਰਵਾਹ ਦਾ ਇੰਤਜ਼ਾਮ ਕਰਨ ਦੇ ਸਮਰੱਥ ਵੀ ਨਹੀਂ ਹੈ। ਪਰ ਦੂਜੇ ਪਾਸੇ ਜਿਨ੍ਹਾਂ ਦੇ ਵਿੱਦਿਅਕ ਅਦਾਰਿਆਂ 'ਤੇ ਕਬਜ਼ੇ ਹਨ, ਉਹ ਪੜ੍ਹੇ-ਲਿਖੇ ਵੀ ਘੱਟ ਹਨ, ਪਰ ਆਪਣੇ ਪੈਸੇ ਦੇ ਬਲ 'ਤੇ ਪੜ੍ਹਾਉਣ ਵਾਲਿਆਂ ਨੂੰ ਆਪਣੇ ਸਾਹਮਣੇ ਖੜ੍ਹਾ ਰੱਖਦੇ ਹਨ। ਇਸੇ ਤਰ੍ਹਾਂ ਕਈ ਅਧਿਆਪਕ ਵੀ ਜਦੋਂ ਉਸ ਦੇ ਆਪਣੇ ਬੱਚੇ ਦੇ ਪੇਪਰ ਹੁੰਦੇ ਹਨ, ਉਹ ਛੁੱਟੀ ਲੈ ਕੇ ਉਨ੍ਹਾਂ ਨੂੰ ਪੜ੍ਹਾਉਂਦੇ ਹਨ। ਉਸ ਵੇਲੇ ਸਕੂਲ ਦੇ ਵਿਦਿਆਰਥੀਆਂ ਦੇ ਵੀ ਪੇਪਰ ਹੁੰਦੇ ਹਨ, ਉਨ੍ਹਾਂ ਦਾ ਕੌਣ ਵਿਚਾਰਾ। ਇਸ 'ਚ ਤਰਕ ਆਉਂਦਾ ਹੈ ਮੈਂ ਤਾਂ ਇੱਥੇ ਰਹਿ ਗਿਆ (ਮਾਸਟਰ ਜਾਂ ਪ੍ਰੋਫੈਸਰ) ਪਰ ਮੇਰਾ ਬੱਚਾ ਕਿਸੇ ਹੋਰ ਕੰਮ 'ਚ ਪੈ ਜਾਵੇ। ਭਾਵ ਇਸ ਤਰ੍ਹਾਂ ਜਾਪਦਾ ਹੈ ਕਿ ਜਿਵੇਂ ਕੋਈ ਦਿਹਾੜੀਦਾਰ ਗੱਲ ਕਰਦਾ ਹੋਵੇ। ਗੱਲ ਤਾਂ ਸਹੀ ਵੀ ਲੱਗਦੀ ਹੈ। ਪ੍ਰਾਈਵੇਟ ਨੌਕਰੀ ਕਰਨ ਵਾਲੇ ਅਧਿਆਪਕ ਖਾਸ ਕਰਕੇ ਜੇ ਉਹ ਪੁਰਸ਼ ਹਨ ਅਤੇ ਸਾਰੇ ਘਰ ਦੀ ਜ਼ਿੰਮੇਵਾਰੀ ਹੈ ਤਾਂ ਉਹ ਰੋਟੀ, ਕੱਪੜਾ ਤੇ ਮਕਾਨ ਲਈ ਹੀ ਜੂਝਦੇ ਜ਼ਿੰਦਗੀ ਲੰਘਾ ਦਿੰਦੇ ਹਨ। ਔਰਤਾਂ ਜੋ ਅਧਿਆਪਕ ਹਨ। ਉਨ੍ਹਾਂ ਲਈ ਇਹ ਦੂਜੀ ਆਮਦਨ ਹੈ ਅਤੇ ਉਨ੍ਹਾਂ ਲਈ ਇਹ ਨੌਕਰੀ ਟਾਈਮ ਪਾਸ ਅਤੇ ਆਪਣੇ ਬੱਚਿਆਂ ਨੂੰ ਕੰਮ ਦੇ ਨਾਲ ਜ਼ਿਆਦਾ ਸਮਾਂ ਦੇਣ ਵਾਲੀ ਲੱਗਦੀ ਹੈ।

**ਡਾਕਟਰੀ ਪੇਸ਼ਾ** : ਡਾਕਟਰਾਂ ਨੂੰ ਲੋਕ ਰੱਬ ਦਾ ਰੂਪ ਸਮਝਦੇ ਹਨ, ਪਰ ਉਹ ਹੀ ਰੱਬ ਕਿਤੇ ਕਿਸੇ ਬਿਮਾਰ ਦੇ ਇਲਾਜ ਵੇਲੇ ਇਹ ਕਹਿ ਕੇ ਦੇਰ ਕਰ ਦੇਵੇ ਕਿ ਇਹ 'ਰੁਟੀਨ ਪ੍ਰੋਸੈੱਸ' (ਆਮ ਵਰਤਾਰਾ) ਹੈ। ਉਸ ਵੇਲੇ ਉਸ ਬਿਮਾਰ ਇਨਸਾਨ ਦੇ ਆਪਣਿਆਂ 'ਤੇ ਕੀ ਬੀਤਦੀ ਹੈ ਇਹ ਤਾਂ ਉਹੀ ਦੱਸ ਸਕਦੇ ਹਨ। ਜਦੋਂ ਕਿਸੇ ਡਾਕਟਰ ਦਾ ਕੋਈ ਆਪਣਾ ਉਸੇ ਸਥਿਤੀ 'ਚ ਪਹੁੰਚ ਜਾਵੇ ਤਾਂ ਦੇਖੋ ਕਿਵੇਂ ਡਾਕਟਰਾਂ ਦੀ ਟੀਮ ਇਕੱਠੀ ਹੁੰਦੀ ਹੈ। ਉਸ ਵੇਲੇ ਉਹ ਆਮ ਤੋਂ ਖਾਸ 'ਪ੍ਰੋਸੈੱਸ' ਬਣ ਜਾਂਦਾ ਹੈ।

**ਵਪਾਰੀ** : ਬਹੁਤੇ ਵਪਾਰੀ ਪੈਸੇ ਦੀ ਚਕਾਚੌਂਧ 'ਚ ਇਸ ਤਰ੍ਹਾਂ ਫਸੇ ਹਨ ਕਿ ਉਹ ਹਰ ਤਰ੍ਹਾਂ ਦਾ ਪੁੱਠਾ ਕੰਮ ਕਰਨ ਨੂੰ ਤਿਆਰ ਹੋ ਜਾਂਦੇ ਹਨ। ਕਈ ਥਾਵਾਂ 'ਤੇ ਨਕਲੀ ਚੀਜ਼ਾਂ ਹੀ ਵੇਚੀਆਂ ਜਾਂਦੀਆਂ ਹਨ। ਇਸ 'ਚ ਸਭ ਤੋਂ ਵੱਧ ਮਿਲਾਵਟ ਦਾ ਅਸਰ ਖਾਣ-ਪੀਣ ਦੀ ਚਰਚਾ ਅਕਸਰ ਤਿਉਹਾਰਾਂ ਦੇ ਦਿਨਾਂ 'ਚ ਚਲਦੀ ਹੈ। ਇਸ ਤਰ੍ਹਾਂ ਨਕਲੀ ਦੁੱਧ, ਨਕਲੀ ਪਨੀਰ ਆਦਿ। ਗੋਲ ਗੱਪਿਆਂ ਦੇ ਪਾਣੀ 'ਚ ਤੇਜ਼ਾਬ ਪਾ ਕੇ ਖੁਆ ਰਹੇ ਹਨ। ਪਰ ਕਿਤੇ ਨਾ ਕਿਤੇ ਉਨ੍ਹਾਂ ਦੇ ਬੱਚੇ ਅਤੇ ਪਰਿਵਾਰਕ ਮੈਂਬਰ ਵੀ ਕਿਤੋਂ ਇਹ ਕੁਝ ਖਾ ਰਹੇ ਹਨ। ਹਾਲ ਹੀ 'ਚ ਖਾਣ-ਪੀਣ ਦੀਆਂ ਚੀਜ਼ਾਂ ਦੀ ਮਿਲਾਵਟ ਰੋਕਣ ਲਈ ਪੰਜਾਬ ਦੇ ਇਕ ਡਾਕਟਰ ਨੇ ਚੰਗਾ ਕੰਮ ਕੀਤਾ। ਉਸ ਨੂੰ ਦੇਖ ਕੇ ਪੰਜਾਬ 'ਚ ਲਹਿਰ ਤਾਂ ਕੀ ਬਣਨੀ ਸੀ, ਸਗੋਂ ਡਾਕਟਰ ਸਾਹਿਬ ਨੂੰ ਹੀ ਸਿਆਸਤ ਨੇ ਆਪਣੇ ਰੰਗ 'ਚ ਰੰਗ ਲਿਆ।

ਸਾਡਾ ਧਰਮ (ਸਰਬ ਉੱਚ ਪ੍ਰਮਾਤਮਾ) ਸਾਨੂੰ ਸਾਫ-ਸੁਥਰੀ ਜ਼ਿੰਦਗੀ ਜਿਊਣ ਲਈ ਸੇਧ ਦਿੰਦਾ ਹੈ ਅਤੇ ਸਾਡੇ ਦੇਸ਼ ਦਾ ਸੰਵਿਧਾਨ ਬਰਾਬਰਤਾ ਦਾ ਹੱਕ ਦਿੰਦਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਸਾਡੇ ਆਗੂ ਭਾਵੇਂ ਉਹ ਕਿਸੇ ਵੀ ਖੇਤਰ 'ਚ ਹੋਣ, 'ਜੀਓ ਅਤੇ ਜਿਊਣ ਦਿਓ' ਦੇ ਸਿਧਾਂਤ 'ਤੇ ਚੱਲ ਕੇ ਆਮ ਲੋਕਾਂ ਲਈ ਮਿਸਾਲ ਕਾਇਮ ਕਰਨ। ਉਮੀਦ ਕਰਦਾ ਹਾਂ ਕਿ ਮੇਰੇ ਦੇਸ਼ ਵਾਸੀ ਸਮੇਂ ਦੀ ਨਜ਼ਾਕਤ ਨੂੰ ਸਮਝਣਗੇ।



# ਗੰਡੋਆ ਖਾਦ ਕਿਵੇਂ ਤਿਆਰ ਕਰੀਏ

ਨੀਰਜ ਰਾਣੀ ਅਤੇ ਸੋਹਣ ਸਿੰਘ ਵਾਲੀਆ,
ਸਕੂਲ ਆਫ ਆਰਗੈਨਿਕ ਫਾਰਮਿੰਗ (ਮੋ. 81468-01155)

ਗੰਡੋਏ ਹਰ ਤਰ੍ਹਾਂ ਦੇ ਕਾਰਬਨਿਕ ਜੈਵਿਕ ਪਦਾਰਥ ਜਿਵੇਂ ਕਿ ਗਲੇ-ਸੜੇ ਪੱਤੇ, ਬੂਟੇ ਦੀਆਂ ਜੜ੍ਹਾਂ, ਸਬਜ਼ੀਆਂ ਦੀ ਰਹਿੰਦ-ਖੂੰਹਦ, ਨਿਮਾਟੋਡ, ਬੈਕਟੀਰੀਆ, ਉੱਲ੍ਹੀ ਆਦਿ ਨੂੰ ਖਾਂਦੇ ਹਨ ਅਤੇ ਸੜਨ-ਗਲਨ ਵਿੱਚ ਮੱਦਦ ਕਰਦੇ ਹਨ। ਇਹ ਸਾਰੀ ਪ੍ਰਕਿਰਿਆ ਵਰਮੀ ਕੰਪੋਸਟਿੰਗ ਕਹਾਉਂਦੀ ਹੈ। ਗੰਡੋਏ ਇੱਕ ਦਿਨ ਵਿੱਚ ਆਪਣੇ ਭਾਰ ਦੇ ਤੀਜੇ ਹਿੱਸੇ ਜਿੰਨੀ ਖੁਰਾਕ ਖਾ ਸਕਦੇ ਹਨ। ਗੰਡੋਏ ਨਾਲ ਤਿਆਰ ਕੀਤੀ ਗਈ ਖਾਦ ਵਰਮੀ ਕੰਪੋਸਟ / ਗੰਡੋਆ ਖਾਦ ਕਹਾਉਂਦੀ ਹੈ।

**ਗੰਡੋਇਆਂ ਦੇ ਫਾਇਦੇ**

★ ਮਿੱਟੀ ਵਿੱਚ ਮੌਜੂਦ ਪਦਾਰਥ ਦੇ ਮਿਸ਼ਰਣ ਵਿੱਚ ਆਸਾਨੀ ਹੁੰਦੀ ਹੈ।

★ ਫ਼ਸਲ ਦੀਆਂ ਜੜ੍ਹਾਂ ਦੀ ਹਵਾਦਾਰੀ ਬਣੀ ਰਹਿੰਦੀ ਹੈ।

★ ਜੈਵਿਕ ਪਦਾਰਥ ਦੀ ਗਲਣ-ਸੜਨ ਦੀ ਪ੍ਰਕਿਰਿਆ ਦੇ ਆਲੇ-ਦੁਆਲੇ ਹੁੰਦਾ ਹੈ।

★ ਕਾਰਬਨਿਕ ਕੂੜੇ-ਕਚਰੇ ਦੀ ਦੁਰਗੰਧ ਨੂੰ ਰੋਕਣ ਲਈ ਵੀ ਇਹ ਸਹਾਈ ਹੁੰਦੇ ਹਨ।

**ਗੰਡੋਆ ਖਾਦ ਬਣਾਉਣ ਦੀ ਵਿਧੀ**

ਵਰਮੀ ਕੰਪੋਸਟ ਤਿਆਰ ਕਰਨ ਲਈ ਬੈਡ ਤਿਆਰ ਕਰਨ ਦੀ ਲੋੜ ਹੁੰਦੀ ਹੈ। ਬੈਡ ਦੀ ਚੌੜਾਈ 6 ਫੁੱਟ ਹੋਣੀ ਚਾਹੀਦੀ ਹੈ। ਜ਼ਿਆਦਾ ਚੌੜਾਈ ਠੀਕ ਨਹੀਂ ਰਹਿੰਦੀ, ਕਿਉਂਕਿ ਕੰਪੋਸਟ ਵਿੱਚ ਹੱਥ ਮਰਨਾ ਮੁਸ਼ਕਲ ਹੋ ਜਾਂਦਾ ਹੈ। ਬੈਡ ਦੀ ਲੰਬਾਈ ਉਪਲੱਬਧ ਜਗ੍ਹਾ ਅਨੁਸਾਰ ਬਣਾਈ ਜਾ ਸਕਦੀ ਹੈ। ਬੈਡ ਦਾ ਫਰਸ਼ ਪੱਕਾ ਹੋਣਾ ਜ਼ਰੂਰੀ ਹੈ। ਇਸ ਲਈ ਫਰਸ਼ ਦੀਆਂ ਇੱਟਾਂ ਨੂੰ ਟੀਪ ਕੀਤਾ ਜਾ ਸਕਦਾ ਹੈ। ਫਰਸ਼ ਪੱਕਾ ਹੋਣ ਕਰਕੇ ਪਸ਼ੂਆਂ ਦਾ ਮਲ-ਮੂਤਰ ਥੱਲੇ ਨਹੀਂ ਰਿਸਦਾ ਅਤੇ ਗੰਡੋਏ ਵੀ ਥੱਲੇ ਨਹੀਂ ਖਿਸਕਦੇ। ਬੈਡ ਦੀ ਉੱਚਾਈ 2 ਫੁੱਟ ਦੇ ਕਰੀਬ ਹੋਣੀ ਚਾਹੀਦੀ ਹੈ।

ਸਭ ਤੋਂ ਪਹਿਲਾਂ ਬੈਡ ਵਿੱਚ ਇੱਕ ਫੁੱਟ ਪਰਾਲੀ ਦੀ ਤਹਿ ਲਾਉਣੀ ਚਾਹੀਦੀ ਹੈ। ਪਰਾਲੀ ਨੂੰ ਚੰਗੀ ਤਰ੍ਹਾਂ ਗਿੱਲਾ ਕਰ ਲੈਣਾ ਜ਼ਰੂਰੀ ਹੈ, ਪਰ ਫਰਸ਼ 'ਤੇ ਪਾਣੀ ਨਹੀਂ ਖੜਨਾ ਚਾਹੀਦਾ। ਇਸ ਨਾਲ ਕਾਫ਼ੀ ਸਮੇਂ ਤੱਕ ਢੇਰ ਵਿੱਚ ਨਮੀ ਬਣੀ ਰਹਿੰਦੀ ਹੈ। ਇਸ ਦੇ ਉੱਪਰ ਇੱਕ ਫੁੱਟ ਗੋਹਾ ਪਾਉਣ ਦੀ ਲੋੜ ਹੁੰਦੀ ਹੈ। ਤਾਜ਼ਾ ਗੋਹਾ ਨਹੀਂ ਪਾਉਣਾ ਚਾਹੀਦਾ, ਕਿਉਂਕਿ ਇਸ ਵਿੱਚ ਤਾਪਮਾਨ ਅਤੇ ਗੈਸਾਂ ਦੀ ਮਾਤਰਾ ਜ਼ਿਆਦਾ ਹੁੰਦੀ ਹੈ, ਜੋ ਗੰਡੋਇਆਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਲਗਭਗ 5-6 ਦਿਨ ਪੁਰਾਣਾ ਗੋਹਾ ਠੀਕ ਰਹਿੰਦਾ ਹੈ। ਗੋਬਰ ਪਾਉਣ ਤੋਂ ਬਾਅਦ 1 ਕਿਲੋ ਗੰਡੋਏ ਪ੍ਰਤੀ ਬੈਡ (ਲੰਬਾਈ ਦੇ ਆਧਾਰ 'ਤੇ) ਦੀ ਦਰ ਨਾਲ ਖਿਲਾਰ ਦੇਣੇ ਚਾਹੀਦੇ ਹਨ। ਇਸ ਤੋਂ ਬਾਅਦ ਇਹਨਾਂ ਨੂੰ ਗਿੱਲੀ ਕੀਤੀ ਪਰਾਲੀ ਅਤੇ ਗੋਹੇ ਨਾਲ ਢੱਕ ਦੇਣਾ ਚਾਹੀਦਾ ਹੈ। ਗੰਡੋਇਆਂ ਨੂੰ ਸਿੱਧੀ ਧੁੱਪ ਤੋਂ ਬਚਾਉਣ ਲਈ ਸ਼ੈਡ ਬਣਾਉਣ ਦੀ ਲੋੜ ਹੈ। ਸ਼ੈਡ ਗਰਮੀ ਅਤੇ ਸਰਦੀ ਤੋਂ ਬਚਾ ਸਕਦਾ ਹੈ ਅਤੇ ਤੇਜ਼ ਮੀਂਹ ਕਣੀ ਨੂੰ ਵੀ ਰੋਕਦਾ ਹੈ। ਨਮੀ ਬਣਾਉਣ ਲਈ ਪਾਣੀ ਦਾ ਛਿੜਕਾਅ ਜ਼ਰੂਰੀ ਹੈ। ਗਰਮੀਆਂ ਵਿੱਚ ਇਹ ਛਿੜਕਾਅ ਦਿਨ ਵਿੱਚ ਮੌਸਮ ਮੁਤਾਬਕ 2 ਵਾਰੀ ਵੀ ਕਰਨਾ ਪੈ ਸਕਦਾ ਹੈ ਅਤੇ ਸਰਦੀਆਂ ਵਿੱਚ 2 ਦਿਨਾਂ ਬਾਅਦ ਛਿੜਕਾਅ ਦੀ ਲੋੜ ਪੈ ਸਕਦੀ ਹੈ। ਇਸ ਕਲਚਰ ਬੈਡ ਨੂੰ ਤਿਆਰ ਹੋਣ ਵਿੱਚ 2 ਤੋਂ 3 ਮਹੀਨੇ ਲੱਗਦੇ ਹਨ। ਵਰਮੀ ਕੰਪੋਸਟ ਵਾਤਾਵਰਣ ਲਈ ਸੁਰੱਖਿਅਤ ਹੈ ਅਤੇ ਮਿੱਟੀ ਦੇ ਭੌਤਿਕ, ਰਸਾਇਣਿਕ ਅਤੇ ਜੈਵਿਕ ਗੁਣਾਂ ਨੂੰ ਸੁਧਾਰਦਾ ਹੈ। ਤਿਆਰ ਵਰਮੀ ਕੰਪੋਸਟ ਵਿੱਚ ਪੌਸ਼ਟਿਕ ਤੱਤ 1.75% ਨਾਈਟਰੋਜਨ, 0.98% ਫਾਸਫੋਰਸ ਅਤੇ 1.21% ਪੋਟਾਸ਼ੀਅਮ ਪਾਏ ਗਏ ਹਨ।

ਬਾਕੀ ਸਫਾ 9 ਦੀ

# ਮਈ ਮਹੀਨੇ ਦੇ ਖੇਤੀ ਰੁਝੇਵੇਂ

ਜੜ੍ਹਾਂ ਦੇ ਚਿੱਟੇ ਸੁੰਡ ਅਤੇ ਸਿਉਂਕ ਵੀ ਰੋਕਥਾਮ ਵੀ ਕਰਦੀ ਹੈ। ਬਿਜਾਈ ਸਮੇਂ 13 ਕਿਲੋ ਯੂਰੀਆ, 50 ਕਿਲੋ ਸਿੰਗਲ ਸੁਪਰਫਾਸਫੇਟ, 17 ਕਿਲੋ ਮਿਊਰੇਟ ਆਫ



ਪੋਟਾਸ਼ ਅਤੇ 50 ਕਿਲੋ ਜਿਪਸਮ ਪ੍ਰਤੀ ਏਕੜ ਪਾਉ। ਜੇਕਰ ਕਣਕ ਨੂੰ ਸਿਫਾਰਸ਼ ਮੁਤਾਬਿਕ ਫਾਸਫੋਰਸ ਦੀ ਖੁਰਾਕ ਪਾਈ ਹੋਵੇ ਤਾਂ ਫਿਰ ਇਹ ਤੱਤ ਪਾਉਣ ਦੀ ਲੋੜ ਨਹੀਂ। ਜਿਨ੍ਹਾਂ ਖੇਤਾਂ ਵਿੱਚ ਜ਼ਿੰਕ ਦੀ ਘਾਟ ਹੋਵੇ ਉੱਥੇ 25 ਕਿੱਲੋ ਜ਼ਿੰਕ ਸਲਫੇਟ (21% ਹੈਪਟਾਹਾਈਡ੍ਰੇਟ) ਜਾਂ 16 ਕਿਲੋ ਜ਼ਿੰਕ ਸਲਫੇਟ (33% ਮੋਨੋਹਾਈਡ੍ਰੇਟ) ਪ੍ਰਤੀ ਏਕੜ ਪਾਓ। ਇਹ ਮਾਤਰਾ 2-3 ਸਾਲ ਲਈ ਉਚਿਤ ਹੈ।

## ਅਰਹਰ

ਅਰਹਰ ਮਈ ਤੇ ਦੂਸਰੇ ਪੰਦਰਵਾੜ੍ਹੇ ਵਿਚ ਬੀਜ ਦਿਓ ਤਾਂ ਜੋ ਇਸ ਦਾ ਵਧੇਰੇ



ਝਾੜ ਲਿਆ ਜਾ ਸਕੇ। 6 ਕਿਲੋ ਬੀਜ ਪ੍ਰਤੀ ਏਕੜ ਨੂੰ 50×25 ਸੈਂਟੀਮੀਟਰ ਫਾਸਲੇ ਉੱਪਰ ਬੀਜੋ। ਦਰਮਿਆਨੀਆਂ ਅਤੇ ਭਾਰੀਆਂ ਜ਼ਮੀਨਾਂ ਵਿਚ ਅਰਹਰ ਦੀ ਬਿਜਾਈ ਬੈੱਡਾਂ ਉੱਤੇ ਸਫਲਤਾ ਪੂਰਵਕ ਕੀਤੀ ਜਾ ਸਕਦੀ ਹੈ। ਕਣਕ ਲਈ ਵਰਤੇ ਜਾਂਦੇ ਬੈੱਡ ਪਲਾਂਟਰ 67.5 ਸੈਂ. ਮੀ. ਵਿੱਥ ਤੇ ਤਿਆਰ ਕੀਤੇ ਬੈੱਡਾਂ (37.5 ਸੈਂ. ਮੀ. ਬੈੱਡ ਅਤੇ 30 ਸੈਂ. ਮੀ. ਖਾਲ਼ੀ) ਉੱਤੇ ਇਕ ਕਤਾਰ ਪ੍ਰਤੀ ਬੈੱਡ ਅਰਹਰ ਦੀ ਬੀਜੋ। ਬੈੱਡਾਂ ਉੱਤੇ ਬਿਜਾਈ ਕਰਨ ਨਾਲ ਪਾਣੀ ਦੀ ਬੱਚਤ ਹੁੰਦੀ ਹੈ ਅਤੇ ਭਾਰੇ ਮੀਂਹ ਤੋਂ ਹੋਣ ਵਾਲੇ ਨੁਕਸਾਨ ਤੋਂ ਵੀ ਫਸਲ ਬਚਦੀ ਹੈ।

## ਮੂੰਗੀ

ਸੱਠੀ ਮੂੰਗੀ ਉੱਪਰ ਜੂੰ (ਥਰਿੱਪ)



ਦਾ ਬਹੁਤ ਜ਼ਿਆਦਾ ਹਮਲਾ ਹੁੰਦਾ ਹੈ ਜੋ ਕਿ ਛੋਟੇ, ਕਾਲੇ ਭੂਰੇ ਫੁੱਲਾਂ ਵਿੱਚ ਹੁੰਦੇ ਹਨ ਜਿਸ ਕਾਰਨ ਫੁੱਲ ਝੜ ਜਾਂਦੇ ਹਨ। ਜੂੰ (ਥਰਿੱਪ) ਨਾਲ ਫਲੀਆਂ ਭੈੜੀ ਸ਼ਕਲ ਦੀਆਂ ਹੋ ਜਾਂਦੀਆਂ ਹਨ ਅਤੇ ਦਾਣਿਆਂ ਦੀ ਗੁਣਵੱਤਾ ਘਟਣ ਦੇ ਨਾਲ-ਨਾਲ ਇਸ ਨਾਲ ਝਾੜ ਵੀ ਬਹੁਤ ਜ਼ਿਆਦਾ ਘੱਟ ਜਾਂਦਾ ਹੈ। ਮੂੰਗੀ ਦੀ ਫਸਲ ਨੂੰ ਅਖੀਰਲਾ ਪਾਣੀ ਬਿਜਾਈ ਦੇ 55 ਦਿਨਾਂ ਬਾਅਦ ਬੰਦ ਕਰ ਦਿਉ। ਅਜਿਹਾ ਕਰਨ ਨਾਲ ਫਸਲ ਇੱਕੋ ਸਮੇਂ ਪੱਕ ਜਾਵੇਗੀ।

## ਸੂਰਜਮੁਖੀ

ਕਿਉਂਕਿ ਮਈ ਵਿੱਚ ਕਾਫੀ ਗਰਮੀ ਹੋ ਜਾਂਦੀ ਹੈ, ਇਸ ਲਈ ਸੂਰਜਮੁਖੀ ਫਸਲ ਨੂੰ 8-10 ਦਿਨਾਂ ਦੇ ਵਕਫੇ ਤੇ ਪਾਣੀ ਦਿੰਦੇ ਰਹੋ। ਕਈ ਤਰ੍ਹਾਂ ਦੀਆਂ ਸੁੰਡੀਆਂ ਜਿਵੇਂ ਕਿ ਪੱਤ ਗੋਭੀ ਦੀ ਸੁੰਡੀ, ਤੰਬਾਕੂ ਦੀ ਸੁੰਡੀ ਅਤੇ ਭੱਬੂਕੁੱਤਾ (ਸੁੰਡੀ) ਹਰੇ ਪੱਤੇ ਖਾਂਦੀਆਂ ਹਨ ਅਤੇ ਬੂਟੇ ਨੂੰ ਰੁੰਡ-ਮਰੁੰਡ ਕਰ ਦਿੰਦੀਆਂ ਹਨ। ਇਨ੍ਹਾਂ ਕੀੜ੍ਹਿਆਂ ਦੀਆਂ ਛੋਟੀਆਂ ਸੁੰਡੀਆਂ ਜੋ ਝੁੰਡਾਂ ਵਿੱਚ ਰਹਿੰਦੀਆਂ ਹਨ, ਨੂੰ ਹਮਲੇ ਵਾਲੇ ਪੱਤੇ ਤੋੜ ਕੇ ਨਸ਼ਟ ਕਰ ਦਿਉ।

## ਮੈਂਥਾ (ਜਾਪਾਨੀ ਪੁਦੀਨਾ)

ਗਰਮ ਤਾਪਮਾਨ ਕਾਰਨ ਮੈਂਥੇ ਦੀ ਫਸਲ ਨੂੰ ਸਿੰਚਾਈ ਦੀ ਜਲਦੀ-ਜਲਦੀ ਜ਼ਰੂਰਤ ਹੈ। ਪਰ ਇਹ ਸਿੰਚਾਈ ਹਲਕੀ ਹੋਣੀ ਚਾਹੀਦੀ ਹੈ।

## ਹਲਦੀ

ਨੀਮ ਪਹਾੜੀ ਅਤੇ ਉੱਤਰੀ ਜ਼ਿਲ੍ਹਿਆਂ ਵਿੱਚ ਪਹਿਲੇ ਹਫਤੇ ਵਿੱਚ ਹਲਦੀ ਦੀ ਬਿਜਾਈ ਮੁਕੰਮਲ ਕਰ ਲਵੋ। ਬੀਜੀ ਫਸਲ ਨੂੰ ਸੋਕਾ ਨਾ ਲੱਗਣ ਦਿਉ। ਹਲਕਾ ਪਾਣੀ ਦਿੰਦੇ ਰਹੋ।

## ਚਾਰਾ

ਗੈਰ ਫਲੀਦਾਰ ਅਤੇ ਫਲੀਦਾਰ ਚਾਰੇ ਜਿਵੇਂ ਕਿ ਮੱਕੀ+ਰਵਾਂਹ ਰਲਾ ਕੇ ਬੀਜੋ, ਇਸ ਤਰ੍ਹਾਂ ਜ਼ਿਆਦਾ ਪੌਸ਼ਟਿਕ ਚਾਰਾ ਮਿਲੇਗਾ। ਚਾਰੇ ਦੇ ਚੰਗੇ ਵਾਧੇ ਲਈ ਕੁਝ ਵਕਫੇ ਬਾਅਦ ਲਗਾਤਾਰ ਪਾਣੀ ਦਿਉ।

## ਸਬਜ਼ੀਆਂ

ਸਬਜ਼ੀਆਂ ਦੀਆਂ ਖੜ੍ਹੀਆਂ ਫਸਲਾਂ ਨੂੰ ਹਫਤੇ ਬਾਅਦ ਪਾਣੀ ਦਿਉ। ਸਾਰੀਆਂ ਸਬਜ਼ੀਆਂ ਜਿਵੇਂ ਕਿ ਹਲਵਾ ਕੱਦੂ, ਮਿਰਚਾਂ, ਰਾਮ ਤੋਰੀ, ਹਦਵਾਣੇ, ਟੀਂਡੇ, ਖਰਬੂਜ਼ੇ, ਖੀਰੇ, ਬੈਂਗਣ, ਰਵਾਂਹ, ਭਿੰਡੀ ਆਦਿ ਦੀ ਤੁੜਾਈ ਸ਼ੁਰੂ ਕਰ ਦਿਓ। ਸਬਜ਼ੀਆਂ ਇੱਕ ਦਿਨ ਛੱਡ ਕੇ ਸ਼ਾਮ ਨੂੰ ਤੋੜੋ, ਕਿਉਂਕਿ ਸਵੇਰ ਦੇ ਸਮੇਂ ਇਨ੍ਹਾਂ ਦੀ ਪਰ-ਪ੍ਰਾਗਣ ਕਿਰਿਆ ਖਰਾਬ ਹੋ ਸਕਦੀ ਹੈ। ਪਰ ਘੀਆ ਕੱਦੂ ਅਤੇ ਰਾਮ ਤੋਰੀ ਸਵੇਰੇ ਤੋੜ ਸਕਦੇ ਹੋ, ਕਿਉਂਕਿ ਇਨ੍ਹਾਂ ਦੇ ਫੁੱਲਾਂ ਦੇ ਮੂੰਹ ਸ਼ਾਮ ਨੂੰ ਖੁੱਲ੍ਹਦੇ ਹਨ। ਗੰਢੇ ਅਤੇ ਗਾਜਰਾਂ ਦੇ ਬੀਜ ਵਾਲੇ ਤਿਆਰ ਪੌਦਿਆਂ ਨੂੰ ਹਫਤੇ ਦੇ ਵਕਫੇ ਤੇ ਕੱਟ ਦਿਉ। ਸੁਕਾ ਕੇ ਸਾਫ ਕਰਕੇ ਇਨ੍ਹਾਂ ਨੂੰ ਸਿੱਲ੍ਹ ਰਹਿਤ ਸੁੱਕੀ ਜਗ੍ਹਾ ਤੇ ਸਟੋਰ ਕਰ ਲਉ। ਇਨ੍ਹਾਂ ਦੀ ਤੁੜਾਈ ਤਿੰਨ ਤੋਂ ਚਾਰ ਵਾਰ ਕਰੋ, ਕਿਉਂਕਿ ਇਹ ਇਕੋ ਸਮੇਂ ਨਹੀਂ ਪੱਕਦੇ। ਗੰਢੇ ਅਤੇ ਲਸਣ ਦੀ ਕਟਾਈ ਕਰਕੇ ਇਨ੍ਹਾਂ ਨੂੰ ਸੁੱਕੀ ਜਗ੍ਹਾ ਸਟੋਰ ਕਰ ਲਉ। ਲਸਣ ਦੀਆਂ ਭੂਕਾਂ ਸਣੇ ਛੋਟੀਆਂ-ਛੋਟੀਆਂ ਪੂਲੀਆਂ ਬਣਾ ਲਉ, ਜਦੋਂ ਕਿ ਗੰਢਿਆਂ ਦੀਆਂ 2-3 ਸੈਂ. ਮੀਂ ਤੱਕ ਭੂਕਾਂ ਰੱਖ ਕੇ ਕੱਟ ਦਿਉ। ਮੂਲੀ ਦੀ ਪੂਸਾ ਚੇਤਕੀ ਕਿਸਮ ਬੀਜੋ। ਇਸ ਸਮੇਂ ਪੱਕੇ ਟਮਾਟਰ ਬਹੁਤ ਹੀ ਸਸਤੇ ਹੁੰਦੇ ਹਨ। ਇਸ ਲਈ ਟਮਾਟਰਾਂ ਦੀ ਚਟਨੀ, ਸਾਸ, ਜੂਸ ਆਦਿ ਸਾਰੇ ਸਾਲ ਲਈ ਬਣਾ ਲਉ।

ਬੈਂਗਣ ਦੇ ਫਲ ਅਤੇ ਤਣੇ ਦੇ ਗੜੂੰਏਂ ਦੀ ਰੋਕਥਾਮ ਲਈ 80 ਮਿਲੀਲਿਟਰ ਕੋਰਾਜਨ 18.5 ਐਸ ਸੀ ਜਾਂ 80 ਗ੍ਰਾਮ ਪ੍ਰੋਕਲੇਮ 5 ਐਸ ਜੀ ਨੂੰ 100 ਲੀਟਰ ਪਾਣੀ ਵਿੱਚ ਮਿਲਾ ਕੇ ਪ੍ਰਤੀ ਏਕੜ ਫਸਲ ਤੇ ਛਿੜਕਾਅ ਕਰੋ। ਬੈਂਗਣ ਦੀ ਜੂੰ ਦੀ ਰੋਕਥਾਮ ਲਈ 300 ਮਿ. ਲਿ. ਉਮਾਈਟ 57 ਤਾਕਤ ਨੂੰ 100-150 ਲਿਟਰ ਪਾਣੀ ਵਿੱਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।

## ਬਾਗਬਾਨੀ :

★ ਇਸ ਸਮੇਂ ਫਲ-ਲੱਦੇ ਬੂਟਿਆਂ ਦੀ ਸਿੰਚਾਈ ਵੱਲ ਵਿਸ਼ੇਸ਼ ਧਿਆਨ ਦਿਓ। ਆੜੂ, ਅਲੂਚਿਆਂ ਅਤੇ ਨਾਖਾਂ ਦੇ ਵਧੀਆ ਫਲ ਅਤੇ ਆਕਾਰ ਲਈ ਦਰਖਤਾਂ



ਨੂੰ ਜਲਦੀ-ਜਲਦੀ ਪਾਣੀ ਦਿਓ। ਇਸ ਮਹੀਨੇ ਅੰਗੂਰਾਂ ਨੂੰ ਹਫਤੇ ਦੇ ਵਕਫੇ ਤੇ ਪਾਣੀ ਦਿਓ। ਲੀਚੀ ਦੇ ਛੋਟੇ ਬੂਟਿਆਂ ਨੂੰ ਮਈ ਦੇ ਮਹੀਨੇ ਹਫਤੇ ਵਿਚ ਦੋ ਵਾਰ ਪਾਣੀ ਦੀ ਜਰੂਰਤ ਹੁੰਦੀ ਹੈ।

★ ਗਰਮੀ ਦੇ ਭੈੜੇ ਅਸਰ ਤੋਂ ਫਲਦਾਰ ਬੂਟਿਆਂ ਨੂੰ ਬਚਾਉਣ ਲਈ ਤਣਿਆਂ ਤੇ ਕਲੀ (ਸਫੈਦੀ) ਕਰ ਦਿਉ।

★ ਬੇਰੀਆਂ ਦੀ ਕਾਂਟ-ਛਾਂਟ ਲਈ ਮਈ ਦਾ ਦੂਜਾ ਪੰਦਰਵਾੜਾ ਬਹੁਤ ਹੀ ਢੁੱਕਵਾਂ ਸਮਾਂ ਹੈ ਕਿਉਂਕਿ ਇਸ ਮਹੀਨੇ ਇਹਨਾਂ ਦੇ ਪੱਤੇ ਝੜ ਗਏ ਹੁੰਦੇ ਹਨ। ਇਸ ਤੋਂ ਬਾਅਦ ਪੂਰੇ ਵੱਡੇ ਬੂਟਿਆਂ ਨੂੰ 100 ਕਿਲੋ ਗਲੀ ਸੜੀ ਤਿਆ ਰ ਰੂੜੀ ਪਾਉਣੀ ਚਾਹੀਦੀ ਹੈ। ਕਾਂਟ-ਛਾਂਟ ਤੋਂ ਤੁਰੰਤ ਬਾਅਦ ਬੇਰਾਂ ਦੇ ਬਾਗਾਂ ਵਿਚ ਮੂੰਗਫਲੀ ਦੀ ਕਿਸਮ ਟੀ.ਜੀ.37 ਏ ਦੀ ਕਾਸ਼ਤ ਅੰਤਰ ਫਸਲ ਦੇ ਤੌਰ ਤੇ ਬੀਜੀ ਜਾ ਸਕਦੀ ਹੈ ਇਹ ਕਿਸਮ 100-110 ਦਿਨਾਂ ਵਿਚ ਪੁੱਟਣਯੋਗ ਹੋ ਜਾਂਦੀ ਹੈ।

★ ਵਧੀਆ ਅਤੇ ਇਕਸਾਰ ਫਲ ਲੈਣ ਲਈ ਕਿੰਨੂ ਦੇ ਛੋਟੇ ਬੂਟਿਆਂ ਉੱਪਰ ਜਦੋਂ ਕਿੰਨੂ ਦੇ ਫਲ ਪੂਰੀ ਤਰ੍ਹਾਂ ਲੱਗ ਜਾਣ ਤਾਂ ਉਨ੍ਹਾਂ ਨੂੰ ਵਿਰਲਾ ਕਰਨ ਦਾ ਕੰਮ ਇਸ ਮਹੀਨੇ ਕਰ ਦਿਉ। ਕਿੰਨੂ ਦੇ ਫਲਾਂ ਦੀ ਗੁਣਵੱਤਾ ਸੁਧਾਰਨ ਲਈ 1% ਪੋਟਾਸ਼ੀਅਮ ਨਾਈਟ੍ਰੇਟ (10 ਗ੍ਰਾਮ ਪ੍ਰਤੀ ਲਿਟਰ ਪਾਣੀ) ਦਾ ਪਹਿਲਾ ਛਿੜਕਾਅ ਖਾਸ ਕਰਕੇ ਪੋਟਾਸ਼ੀਅਮ ਦੀ ਘਾਟ ਵਾਲੇ ਖੇਤਰਾਂ ਵਿੱਚ ਮਈ ਦੇ ਅੰਤ ਵਿੱਚ ਕਰੋ।

★ ਅਮਰੂਦਾਂ ਦਾ ਬਰਸਾਤ ਰੁੱਤ ਦਾ ਫਲ ਰੋਕਣ ਅਤੇ ਸਰਦੀ ਰੁੱਤ ਅਮਰੂਦ ਦੀ ਵਧੀਆ ਫਸਲ ਲੈਣ ਲਈ 10 ਪ੍ਰਤੀਸ਼ਤ ਯੂਰੀਆ ਜਾਂ ਐਨ ਏ ਏ 600 ਗ੍ਰਾਮ ਦੇ ਘੋਲ ਦਾ ਛਿੜਕਾਅ ਦਰਖਤਾਂ ਤੇ ਕਰੋ ਇਹ ਛਿੜਕਾਅ ਪੂਰੇ ਖੁੱਲ੍ਹੇ ਫੁੱਲਾਂ ਤੇ ਕਰੋ ਅਤੇ ਸਿੰਚਾਈ ਰੋਕ ਦਿਉ। ਛਿੜਕਾਅ ਕਰਨ ਤੋਂ ਪਹਿਲਾਂ 600 ਗ੍ਰਾਮ ਐਨ ਏ ਏ ਨੂੰ 1.5-2.0 ਲਿਟਰ ਅਲਕੋਹਲ ਵਿੱਚ ਘੋਲ ਕੇ 1000 ਲਿਟਰ ਪਾਣੀ ਵਿੱਚ ਮਿਲਾਉ। ਅਮਰੂਦ ਨੂੰ ਸਿਫਾਰਸ਼ ਕੀਤੀ ਹੋਈ ਰੂੜੀ ਦੀ ਖਾਦ ਅਤੇ ਅੱਧੀਆਂ ਰਸਾਇਣਿਕ ਖਾਦਾਂ ਦੀ ਪਹਿਲੀ ਕਿਸ਼ਤ, ਇਸ ਮਹੀਨੇ ਦੇ ਅਖੀਰ ਜਾਂ ਜੂਨ ਦੇ ਸ਼ੁਰੂ ਵਿੱਚ ਪਾ ਦੇਣੀ ਚਾਹੀਦੀ ਹੈ। ਅਮਰੂਦ ਦੇ ਬਾਗ ਨਦੀਨਾਂ ਦੀ ਰੋਕਥਾਮ ਲਈ 4.0 ਟਨ ਝੋਨੇ ਦੀ ਪਰਾਲੀ ਪ੍ਰਤੀ ਏਕੜ ਹਿਸਾਬ ਨਾਲ ਬੂਟਿਆਂ ਹੇਠ ਵਿਛਾ ਦਿਓ।

★ਇਸ ਮਹੀਨੇ ਲੀਚੀ, ਅਨਾਰ ਅਤੇ ਨਿੰਬੂ ਦੇ ਫਲਾਂ ਦਾ ਛਿਲਕਾ ਫੱਟਦਾ ਹੈ। ਇਸ ਨੂੰ ਰੋਕਣ ਲਈ ਬੂਟਿਆਂ ਹੇਠ ਝੋਨੇ ਦੀ ਪਰਾਲੀ ਵਿਛਾਈ ਜਾ ਸਕਦੀ ਹੈ ਅਤੇ ਬੂਟਿਆਂ ਉੱਪਰ ਪਾਣੀ ਦਾ ਛਿੜਕਾਅ ਲਾਭਦਾਇਕ ਹੋ ਸਕਦਾ ਹੈ।

★ ਨਿੰਬੂ ਜਾਤੀ ਅਤੇ ਅਲੂਚਿਆਂ ਵਿੱਚ ਜ਼ਿੰਕ ਦੀ ਘਾਟ ਦੀ ਰੋਕਥਾਮ ਲਈ 0.3 ਪ੍ਰਤੀਸ਼ਤ (3.0 ਗ੍ਰਾਮ ਪ੍ਰਤੀ ਲਿਟਰ ਪਾਣੀ) ਜ਼ਿੰਕ ਸਲਫੇਟ ਦੇ ਘੋਲ ਦਾ ਛਿੜਕਾਅ ਕਰੋ।

★ ਕੇਲੇ ਨੂੰ 60 ਗ੍ਰਾਮ ਮਿਊਰੇਟ ਆਫ ਪੋਟਾਸ਼ ਪ੍ਰਤੀ ਬੂਟਾ ਪਾਓ।

★ ਆੜੂ, ਅਲੂਚਾ, ਫਾਲਸਾ ਅਤੇ ਪਰਲਿਟ ਅੰਗੂਰਾਂ ਦੇ ਤਿਆਰ ਗੁੱਛਿਆਂ ਦੀ ਤੁੜਾਈ ਕਰ ਲਉ ਅਤੇ ਫਿਰ ਦਰਜਾਬੰਦੀ ਕਰਕੇ ਮੰਡੀ ਭੇਜ ਦਿਉ।

★ ਅੰਗੂਰਾਂ ਵਿੱਚ ਬੋਰਡੋ ਮਿਸ਼ਰਣ ਦਾ ਘੋਲ 2:2:250 ਮਈ ਦੇ ਅਖੀਰਲੇ ਹਫਤੇ ਛਿੜਕਾਅ ਕੇ ਐਨਥਰੈਕਨੋਜ਼ ਦੀ ਰੋਕਥਾਮ ਕਰੋ।

★ ਅੰਬਾਂ ਦੇ ਕੇਰੇ ਦੀ ਰੋਕਥਾਮ ਲਈ ਇਸ ਮਹੀਨੇ ਦੇ ਪਹਿਲੇ ਹਫਤੇ 10 ਗ੍ਰਾਮ 2, 4-ਡੀ ਸੋਡੀਅਮ ਸਾਲਟ (ਹਾਰਟੀਕਲਚਰ ਗਰੇਡ) ਨੂੰ 500 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ।

## ਸਜਾਵਟੀ ਬੂਟੇ :

**ਲਾਅਨ** : ਇਸ ਮਹੀਨੇ ਘਾਹ ਦਾ ਵਾਧਾ ਤੇਜ਼ੀ ਨਾਲ ਹੁੰਦਾ ਹੈ। ਇਸ ਲਈ ਘਾਹ ਦੇ ਮੈਦਾਨ ਨੂੰ ਹਫਤੇ ਵਿੱਚ ਦੋ-ਤਿੰਨ ਵਾਰ ਪਾਣੀ ਲਗਾਉ ਅਤੇ ਹਰੇਕ



ਪੰਦਰਵਾੜੇ ਮਗਰੋਂ ਘਾਹ ਦੀ ਕਟਾਈ ਕਰਦੇ ਰਹੋ। ਇਸ ਮਹੀਨੇ ਨਵਾਂ ਘਾਹ ਲਗਾਉਣ ਲਈ ਜ਼ਮੀਨ ਨੂੰ ਡੂੰਘਾ ਵਾਹ ਕੇ ਧੁੱਪ ਲਗਾਓ ਅਤੇ ਪਾਣੀ ਲਗਾਉਣ ਤੋਂ ਬਾਅਦ ਵੱਧ ਰਹੇ ਨਦੀਨਾ ਨੂੰ ਜੜ੍ਹੋਂ ਪੁੱਟ ਦਿਓ।

**ਗੁਲਾਬ** : ਗਰਮੀ ਦਾ ਮੌਸਮ ਹੋਣ ਕਰਕੇ ਗੁਲਾਬ ਨੂੰ ਪਾਣੀ ਦੀ ਕਾਫੀ ਲੋੜ ਹੁੰਦੀ ਹੈ। ਪਰ ਬਹੁਤ ਜ਼ਿਆਦਾ ਪਾਣੀ ਦੇਣ ਤੋਂ ਗੁਰੇਜ਼ ਕਰੋ। ਜੜ੍ਹੂਏਂ ਅਦੇ ਬਿਮਾਰੀ ਵਾਲੀਆਂ ਅਤੇ ਸੁੱਕੀਆਂ ਟਾਹਣੀਆਂ ਨੂੰ ਕੱਟਦੇ ਰਹੋ। ਗਰਮੀ ਵਿਚ ਗੁਲਾਬ ਦੀਆਂ ਨਵੀਆਂ ਆ ਰਹੀਆਂ ਡੋਡੀਆਂ ਜਾਂ ਫੁੱਲਾਂ ਨੂੰ ਵੀ ਕੱਟ ਦਿਓ।

**ਪੱਕੇ ਬੂਟੇ** : ਦਰਖੱਤਾਂ, ਝਾੜੀਆਂ ਅਤੇ ਵੇਲਾਂ ਨੂੰ 5-7 ਦਿਨਾਂ ਦੇ ਵਕਫੇ ਤੇ ਪਾਣੀ ਦਿੰਦੇ ਰਹੋ। ਜੇਕਰ ਜ਼ਰੂਰਤ ਹੋਵੇ ਤਾਂ ਨਵੇਂ ਲਾਏ ਬੂਟਿਆਂ ਨੂੰ ਸਹਾਰਾ ਦਿਉ। ਵੱਡੇ ਰੁੱਖਾਂ ਦੇ ਤਣੇ ਨੂੰ ਤੇਜ਼ ਨੂੰ ਤੇਜ਼ ਧੁੱਪ ਤੋਂ ਬਚਾਉਣ ਲਈ ਲਗਭਗ 4.5 ਫੁੱਟ ਤੱਕ ਚਿੱਟੀ ਕਲੀ ਕਰੋ।

**ਗਮਲਿਆਂ ਵਾਲੇ ਬੂਟੇ** : ਗਮਲੇ ਵਾਲੇ ਬੂਟਿਆਂ ਨੂੰ ਛਾਂ ਵਿੱਚ ਰੱਖੋ ਤਾਂ ਕਿ ਸਿੱਧੀ ਧੁੱਪ ਦੇ ਨੁਕਸਾਨ ਤੋਂ ਬਚਾਇਆ ਜਾ ਸਕੇ। ਇਨ੍ਹਾਂ ਪੱਤੇਦਾਰ ਬੂਟਿਆਂ ਨੂੰ ਦਰੱਖਤਾਂ ਹੇਠ ਰੱਖ ਕੇ ਜਾਂ ਬੂਟਿਆਂ ਉੱਪਰ 50% ਸ਼ੈਡਨੈਟ ਪਾ ਕੇ ਸਿੱਧੀ ਧੁੱਪ ਤੋਂ ਬਚਾਅ ਕਰੋ।

## ਵਣ ਖੇਤੀ : ਪਾਪਲਰ :

★ ਪਾਪਲਰ ਦੀਆਂ ਤਿੰਨ ਸਾਲ ਤੋਂ ਘੱਟ ਉਮਰ ਦੀ ਨਰਸਰੀ ਵਿੱਚ ਹਲਦੀ ਦੀ ਬਿਜਾਈ ਕੀਤੀ ਜਾ ਸਕਦੀ ਹੈ। ਤਿੰਨ



ਸਾਲ ਜਾਂ ਇਸ ਤੋਂ ਵੱਧ ਦੀ ਪਾਪਲਰ ਨਰਸਰੀ ਵਿੱਚ ਸਾਉਣੀ ਦੌਰਾਨ ਚਾਰਾ ਜਿਵੇਂ ਕਿ ਮੱਕੀ, ਬਾਜਰਾ, ਚਰ੍ਹੀ, ਗਿੰਨੀ ਘਾਹ ਵਗੈਰਾ ਉਗਾਏ ਜਾ ਸਕਦੇ ਹਨ।

★ ਪਾਪਲਰ ਦੀ ਨਰਸਰੀ ਅਤੇ ਪਲਾਂਟੇਸ਼ਨਾਂ ਨੂੰ ਹਫਤੇ ਦੇ ਵਕਫੇ ਬਾਅਦ ਹਲਦੀ ਸਿੰਚਾਈ ਦਿੰਦੇ ਰਹੋ।

★ ਪਾਪਲਰ ਦੇ ਪੱਤੇ ਝਾੜਣ ਵਾਲੀ ਸੁੰਡੀ ਜਾਂ ਪੱਤਾ ਲਪੇਟ ਸੁੰਡੀ ਦਾ ਹਮਲਾ ਮੁੱਖ ਤੌਰ ਤੇ ਜੁਲਾਈ ਤੋਂ ਅਕਤੂਬਰ ਮਹੀਨਿਆਂ ਵਿੱਚ ਜ਼ਿਆਦਾ ਹੁੰਦਾ ਹੈ। ਨਰਸਰੀਆਂ ਵਿੱਚ ਜਿਨ੍ਹਾਂ ਪੱਤਿਆਂ ਉੱਤੇ ਇਨ੍ਹਾਂ ਦੀਆਂ ਸੁੰਡੀਆਂ ਜਾਂ ਅੰਡੇ ਹੋਣ ਉਨ੍ਹਾਂ ਨੂੰ ਤੋੜ ਕੇ, ਇਕੱਠੇ ਕਰਕੇ ਨਸ਼ਟ ਕਰ ਦਿਉ।

★ ਬੂਟਿਆਂ ਨੂੰ ਚੰਗੇ ਵਾਧੇ ਲਈ ਸਿਫਾਰਸ਼ ਕੀਤੀ ਨਾਈਟ੍ਰੋਜਨ ਖਾਦ ਦਾ ਇਕ ਤਿਹਾਈ ਮਾਤਰਾ ਪਾ ਦਿਓ। ਹਲਕੀਆਂ ਜ਼ਮੀਨਾਂ ਵਿਚ ਜ਼ਿੰਕ ਦੀ ਘਾਟ ਆਮ ਤੌਰ ਤੇ ਆ ਜਾਂਦੀ ਹੈ, ਜਿਸ ਦੀ ਪੂਰਤੀ ਲਈ ਸਿਫਾਰਸ਼ ਕੀਤੀ ਜ਼ਿੰਕ ਸਲਫੇਟ (ਪਹਿਲੇ, ਤੀਜੇ ਅਤੇ ਪੰਜਵੇਂ ਸਾਲ ਲਈ ਕ੍ਰਮਵਾਰ 100, 200 ਅਤੇ 300 ਗ੍ਰਾਮ ਪ੍ਰਤੀ ਬੂਟਾ) ਦੀ ਖਾਦ ਪਾਓ।

(ਚੱਲਦਾ)

# ਗਰਮ ਰੁੱਤ ਦੀ ਮੂੰਗੀ ਦੀ ਬਿਨਾ ਵਹਾਈ ਤੋਂ ਸਿੱਧੀ ਬਿਜਾਈ

ਵਿਵੇਕ ਕੁਮਾਰ, ਉਪਿੰਦਰ ਸਿੰਘ ਸੰਧੂ ਅਤੇ ਕਰਮਜੀਤ ਸ਼ਰਮਾ,
ਕ੍ਰਿਸ਼ੀ ਵਿਗਿਆਨ ਕੇਂਦਰ, ਸ੍ਰੀ ਮੁਕਤਸਰ ਸਾਹਿਬ ਮੋਬਾਇਲ : 9855603629

★ ਕਣਕ ਦੀ ਵਢਾਈ ਤੋਂ ਬਾਅਦ ਅਤੇ ਝੋਨੇ / ਬਾਸਮਤੀ ਦੀ ਲੁਆਈ ਤੋਂ ਪਹਿਲਾਂ ਲਗਭਗ 60-65 ਦਿਨ ਤੱਕ ਖੇਤ ਖਾਲੀ ਰਹਿੰਦੇ ਹਨ। ਇਸ ਦੌਰਾਨ ਗਰਮ ਰੁੱਤ ਦੀ ਮੂੰਗੀ ਦੀ ਫਸਲ ਨਾ ਸਿਰਫ ਕਿਸਾਨ ਦੀ ਆਮਦਨ ਵਿਚ ਵਾਧਾ ਕਰਦੀ ਹੈ ਬਲਕਿ ਜ਼ਮੀਨ ਦੀ ਸਿਹਤ ਸੁਧਾਰਨ ਵਿਚ ਵੀ ਅਹਿਮ ਭੂਮਿਕਾ ਨਿਭਾਉਂਦੀ ਹੈ। ਰਵਾਇਤੀ ਤਰੀਕੇ ਨਾਲ ਖੇਤ ਵਾਹ ਕੇ ਗਰਮ ਰੁੱਤ ਦੀ ਮੂੰਗੀ ਦੀ ਬਿਜਾਈ ਵਿਚ ਖੇਤ ਦੀ ਤਿਆਰੀ ਲਈ ਵੱਧ ਸਮਾਂ ਲੱਗਣ ਕਰਕੇ ਅਕਸਰ ਹੀ ਮੂੰਗੀ ਦੀ ਬਿਜਾਈ ਵਿਚ ਦੇਰੀ ਹੋ ਜਾਂਦੀ ਹੈ, ਪਰ ਖੇਤ ਦੀ ਤਿਆਰੀ ਦਾ ਸਮਾਂ ਬਚਾਉਣ ਲਈ ਕਿਸਾਨ ਬਿਨਾਂ ਖੇਤ ਵਾਹੇ ਹੈਪੀ ਸੀਡਰ ਜਾਂ ਜ਼ੀਰੋ-ਟਿੱਲ ਡਰਿੱਲ ਨਾਲ ਗਰਮ ਰੁੱਤ ਦੀ ਮੂੰਗੀ ਦੀ ਬਿਜਾਈ ਸਮੇਂ ਸਿਰ ਕਰ ਸਕਦੇ ਹਨ।

★ ਗਰਮ ਰੁੱਤ ਦੀ ਮੂੰਗੀ ਦੀ ਕਾਸ਼ਤ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵੱਲੋਂ ਸਿਫਾਰਸ਼ ਕਿਸਮਾਂ ਐੱਸ ਐੱਮ ਐੱਲ 1827 ਅਤੇ ਐੱਸ ਐੱਮ ਐੱਲ-668 ਦੀ ਚੋਣ ਕਰਨੀ ਚਾਹੀਦੀ ਹੈ। ਇਹ ਕਿਸਮਾਂ ਪੱਕਣ ਲਈ 60-62 ਦਿਨ ਦਾ ਸਮਾਂ ਲੈਂਦੀਆਂ ਹਨ ਅਤੇ ਲਗਭਗ 4.5 ਤੋਂ 5.0 ਕੁਇੰਟਲ ਪ੍ਰਤੀ ਏਕੜ ਝਾੜ ਦਿੰਦੀਆਂ ਹਨ। ਗਰਮ ਰੁੱਤ ਦੀ ਮੂੰਗੀ ਦੀ ਬਿਜਾਈ ਦਾ ਸਭ ਤੋਂ ਢੁੱਕਵਾਂ ਸਮਾਂ 20 ਮਾਰਚ ਤੋਂ 10 ਅਪ੍ਰੈਲ ਹੈ। ਕਣਕ ਦੀ ਕਟਾਈ ਤੋਂ ਬਾਅਦ ਜਿੰਨੀ ਛੇਤੀ ਹੋ ਸਕੇ ਕਰ ਦੇਣੀ ਚਾਹੀਦੀ ਹੈ। ਐੱਸ ਐੱਮ ਐੱਲ-668 ਕਿਸਮ ਲਈ 15 ਕਿਲੋ ਅਤੇ ਬਾਕੀ ਕਿਸਮਾਂ ਲਈ 12 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤਦੇ ਹੋਏ ਬਿਜਾਈ ਉਪਲਬਧ ਮਸ਼ੀਨਰੀ ਦੇ ਹਿਸਾਬ ਨਾਲ 22.5 ਸੈਂਟੀਮੀਟਰ ਜਾਂ ਇਸ ਤੋਂ ਘੱਟ ਵਿੱਥ ਦੀਆਂ ਕਤਾਰਾਂ ਵਿਚ ਕਰਨੀ ਚਾਹੀਦੀ ਹੈ। ਬਿਜਾਈ ਤੋਂ ਪਹਿਲਾਂ ਬੀਜ ਨੂੰ ਸਿਫਾਰਸ਼ ਜੀਵਾਣੂ ਖਾਦ ਦਾ ਟੀਕਾ ਲਗਾਉਣਾ ਲਾਹੇਵੰਦ ਰਹਿੰਦਾ ਹੈ। ਕਣਕ ਵੱਢਣ ਉਪਰੰਤ ਬੀਜੀ ਜਾਣ ਵਾਲੀ ਗਰਮ ਰੁੱਤ ਦੀ ਮੂੰਗੀ ਦੀ ਬਿਜਾਈ ਸਮੇਂ ਪ੍ਰਤੀ ਏਕੜ 11 ਕਿਲੋ ਯੂਰੀਆ ਅਤੇ 100 ਕਿਲੋ ਸਿੰਗਲ ਸੁਪਰਫਾਸਫੇਟ ਡਰਿੱਲ ਕਰ ਦੇਣਾ ਚਾਹੀਦਾ ਹੈ। ਫਸਲ ਨੂੰ ਜ਼ਮੀਨ ਦੀ ਕਿਸਮ ਮੁਤਾਬਕ ਅਤੇ ਬਾਰਿਸ਼ਾਂ ਦੇ ਅਨੁਸਾਰ ਲਗਭਗ 3-5 ਪਾਣੀਆਂ ਦੀ ਲੋੜ ਹੁੰਦੀ ਹੈ। ਪਹਿਲਾ ਪਾਣੀ ਬਿਜਾਈ ਤੋਂ ਲਗਭਗ 25 ਦਿਨਾਂ ਬਾਅਦ ਲਾਉਣਾ ਚਾਹੀਦਾ ਹੈ। ਫਲੀਆਂ ਦੀ ਇਕਸਾਰ ਪਕਾਈ ਲਈ ਆਖਰੀ ਸਿੰਚਾਈ ਬਿਜਾਈ ਤੋਂ 55 ਦਿਨਾਂ ਤੇ ਬੰਦ ਕਰ ਦੇਣੀ ਚਾਹੀਦੀ ਹੈ।



## ਬਿਨਾਂ ਵਹਾਈ ਤੋਂ ਗਰਮ ਰੁੱਤ ਦੀ ਮੂੰਗੀ ਬੀਜਣ ਦੇ ਫਾਇਦੇ

★ ਕਣਕ ਦੀ ਕਟਾਈ ਤੋਂ ਬਾਅਦ ਅਤੇ ਝੋਨੇ ਦੀ ਲੁਆਈ ਤੋਂ ਪਹਿਲਾਂ ਗਰਮ ਰੁੱਤ ਦੀ ਮੂੰਗੀ ਦੀ ਕਾਸ਼ਤ ਕਰਕੇ ਕਿਸਾਨ ਜਿੱਥੇ ਵਧੇਰੇ ਆਮਦਨ ਲੈ ਸਕਦੇ ਹਨ, ਉੱਥੇ ਜ਼ਮੀਨ ਦੀ ਸਿਹਤ ਵੀ ਸੁਧਾਰੀ ਜਾ ਸਕਦੀ ਹੈ।

★ ਬਿਨਾਂ ਵਹਾਈ ਤੋਂ ਗਰਮ ਰੁੱਤ ਦੀ ਮੂੰਗੀ ਦੀ ਬਿਜਾਈ ਨਾਲ ਸਮਾਂ, ਊਰਜਾ ਅਤੇ ਪੈਸੇ ਦੀ ਬੱਚਤ ਕਰਨ ਵਿਚ ਸਹਾਈ ਹੁੰਦੀ ਹੈ।

★ ਹੈਪੀ ਸੀਡਰ ਨਾਲ ਮੂੰਗੀ ਦੀ ਬਿਜਾਈ ਵਾਲੇ ਖੇਤਾਂ ਵਿਚ ਮਿੱਟੀ ਦੀ ਪਾਣੀ ਜਜ਼ਬ ਕਰਨ ਦੀ ਸਮਰੱਥਾ, ਮਿੱਟੀ ਦੇ ਜੈਵਿਕ ਮਾਦੇ ਅਤੇ ਸੂਖਮ ਜੀਵਾਣੂਆਂ ਦੀ ਗਿਣਤੀ ਵਿਚ ਸੁਧਾਰ ਆਉਂਦਾ ਹੈ।

★ ਗਰਮ ਰੁੱਤ ਦੀ ਮੂੰਗੀ ਦੀਆਂ ਫਲੀਆਂ ਤੋੜਨ ਉਪਰੰਤ ਮੂੰਗੀ ਦਾ ਹਰਾ ਟਾਂਗਰ ਝੋਨਾ ਲਾਉਣ ਤੋਂ ਇਕ ਜਾਂ ਦੋ ਦਿਨ ਪਹਿਲਾਂ ਦਬਾਉਣ ਨਾਲ ਝੋਨੇ ਦਾ ਝਾੜ ਵੱਧ ਜਾਂਦਾ ਹੈ ਅਤੇ ਝੋਨੇ ਨੂੰ ਨਾਈਟ੍ਰੋਜਨ ਦਾ ਤੀਜਾ ਹਿੱਸਾ ਘੱਟ ਪਾਉਣਾ ਪੈਂਦਾ ਹੈ।

★ ਗਰਮ ਰੁੱਤ ਦੀ ਮੂੰਗੀ ਦੀ ਬਿਜਾਈ ਮਈ-ਜੂਨ ਦੇ ਮਹੀਨੇ ਵਿਚ ਵੱਧ ਤਾਪਮਾਨ ਨਾਲ ਮਿੱਟੀ ਦੇ ਜੈਵਿਕ ਕਾਰਬਨ ਨੂੰ ਹੋਣ ਵਾਲੇ ਨੁਕਸਾਨ ਨੂੰ ਘੱਟ ਕਰਨ ਵਿਚ ਸਹਾਈ ਹੁੰਦੀ ਹੈ।

# ਗਰਮੀਆਂ 'ਚ ਇੰਝ ਕਰੀਏ ਪਸ਼ੂਆਂ ਦੀ ਸਾਂਭ-ਸੰਭਾਲ

ਵਿਵੇਕ ਸ਼ਰਮਾ, ਕਰਮਜੀਤ ਸ਼ਰਮਾ, ਅਤੇ ਕੰਵਰਪਾਲ ਸਿੰਘ ਵੱਲੋਂ,
ਕ੍ਰਿਸ਼ੀ ਵਿਗਿਆਨ ਕੇਂਦਰ, ਸ੍ਰੀ ਮੁਕਤਸਰ ਸਾਹਿਬ (ਮੋ. 83607-10463)



**ਪੰਜਾਬ ਵਿਚ ਗਰਮੀਆਂ ਦਾ ਮੌਸਮ ਅਪ੍ਰੈਲ ਵਿਚ ਸ਼ੁਰੂ ਹੋ ਕੇ ਜੂਨ ਵਿਚ ਆਪਣੇ ਸਿਖਰ 'ਤੇ ਪਹੁੰਚ ਜਾਂਦਾ ਹੈ। ਇਸ ਵੇਲੇ ਗਰਮੀਆਂ ਦਾ ਤਾਪਮਾਨ 45 ਡਿਗਰੀ ਨੂੰ ਵੀ ਪਾਰ ਕਰ ਜਾਂਦਾ ਹੈ। ਪਸ਼ੂਆਂ ਵਿਚ ਗਰਮੀ ਦਾ ਤਣਾਅ ਵਧਣ ਨਾਲ ਪਸ਼ੂ ਆਰਾਮਦਾਇਕ ਸਥਿਤੀ ਵਿਚ ਨਹੀਂ ਰਹਿੰਦਾ, ਜਿਸ ਨਾਲ ਉਸ ਦੇ ਦੁੱਧ ਉਤਪਾਦਨ ਵਿਚ ਗਿਰਾਵਟ ਆ ਜਾਂਦੀ ਹੈ। ਵਿਦੇਸ਼ੀ ਅਤੇ ਦੋਗਲੀਆਂ ਗਾਵਾਂ ਵਿਚ ਇਸਦਾ ਪ੍ਰਭਾਵ ਸਭ ਤੋਂ ਜ਼ਿਆਦਾ ਦੇਖਣ ਨੂੰ ਮਿਲਦਾ ਹੈ। ਇਸ ਗਰਮੀ ਦੇ ਤਣਾਅ ਦਾ ਮਾੜਾ ਅਸਰ ਜਾਨਵਰ ਦੇ ਦੁੱਧ ਉਤਪਾਦਨ ਪ੍ਰਜਨਣ, ਸਰੀਰਕ ਵਾਧਾ ਅਤੇ ਖੁਰਾਕ ਖਾਣ ਦੀ ਸਮਰੱਥਾ ਉੱਤੇ ਹੁੰਦਾ ਹੈ। ਇਸ ਲਈ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਖੁਰਾਕੀ ਅਤੇ ਪ੍ਰਬੰਧਨ ਸੰਬੰਧੀ ਤਬਦੀਲੀਆਂ ਕਰਕੇ ਇਸ ਤਣਾਅ ਨੂੰ ਘਟਾਇਆ ਜਾਵੇ।**

### ਖੁਰਾਕ ਸੰਬੰਧੀ ਨੁਕਤੇ

ਗਰਮੀਆਂ ਦੇ ਦਿਨਾਂ ਵਿਚ ਪਸ਼ੂਆਂ ਦੀ ਖੁਰਾਕ ਵੱਲ ਉਚੇਚਾ ਧਿਆਨ ਦੇਣ ਦੀ ਲੋੜ ਹੈ ਤਾਂ ਜੋ ਪਸ਼ੂ ਪੂਰੀ ਖੁਰਾਕ ਖਾਵੇ ਅਤੇ ਚੋਖਾ ਦੁੱਧ ਦੇਵੇ। ਇਨ੍ਹਾਂ ਦਿਨਾਂ ਵਿਚ ਪਾਣੀ ਦੀ ਘਾਟ ਕਰਕੇ ਪਸ਼ੂ ਦੇ ਮਿਹਦੇ ਦੇ ਤੇਜ਼ਾਬੀਪਨ ਦੀ ਸਮੱਸਿਆ ਵਧ ਜਾਂਦੀ ਹੈ। ਇਸ ਤੋਂ ਇਲਾਵਾ, ਗਰਮੀਆਂ ਦੇ ਮੌਸਮ ਵਿਚ ਪਸ਼ੂਆਂ ਦੇ ਸਰੀਰ ਵਿਚੋਂ ਵਾਸ਼ਪੀਕਰਨ ਪ੍ਰਕਿਰਿਆ ਰਾਹੀਂ ਨਿਕਲੀ ਊਰਜਾ ਲਈ ਜ਼ਿਆਦਾ ਪਾਣੀ ਦੀ ਲੋੜ ਹੁੰਦੀ ਹੈ ਨਤੀਜੇ ਵਜੋਂ ਗਰਮੀਆਂ ਦੇ ਦਿਨਾਂ ਵਿਚ ਮੰਗ 25-40% ਤੱਕ ਵੱਧ ਜਾਂਦੀ ਹੈ। ਗਰਮੀਆਂ ਦੇ ਦਿਨਾਂ ਵਿਚ ਅੱਤ ਦੀ ਗਰਮੀ ਕਰਕੇ ਅਤੇ ਵਾਧੂ ਖੁਸ਼ਕ ਪੱਠਿਆਂ ਕਰਕੇ ਵੀ ਪਾਣੀ ਦੀ ਲੋੜ ਵੱਧ ਜਾਂਦੀ ਹੈ। ਇਸ ਲਈ ਪਸ਼ੂਆਂ ਦੀ ਖੁਰਾਕ ਦੇ ਨਾਲ-ਲ ਖੁੱਲ੍ਹਾ ਪਾਣੀ ਦੇਣਾ ਲਾਜ਼ਮੀ ਬਣਾਉਣਾ ਚਾਹੀਦਾ ਹੈ। ਇਸ ਕਰਕੇ ਹਰ ਵੇਲੇ ਖੁੱਲ੍ਹਾ, ਤਾਜ਼ਾ ਅਤੇ ਠੰਢਾ ਪਾਣੀ ਉਪਲਬਧ ਕਰਾਓ।

ਇਹਨਾਂ ਦਿਨਾਂ ਵਿਚ ਯੀਸਟ (ਖਮੀਰ) 150-200 ਗ੍ਰਾਮ/ਕੁਇੰਟਲ ਦੇ ਹਿਸਾਬ ਨਾਲ ਵਰਤਣ ਨਾਲ ਪਸ਼ੂਆਂ ਦੀ ਪਾਚਨਸ਼ਕਤੀ ਸਹੀ ਰਹਿੰਦੀ ਹੈ। ਇਸ ਦੇ ਨਾਲ-ਨਾਲ ਇਹ ਵੀ ਯਕੀਨੀ ਬਣਾਓ ਕਿ ਗਲੀ-ਸੜੀ ਤੂੜੀ ਜਾਂ ਉੱਲੀ ਵਾਲੇ ਅਚਾਰ ਦੀ ਵਰਤੋਂ ਯਕੀਨੀ ਬਣਾਉਣੀ ਚਾਹੀਦੀ ਹੈ। ਗਰਮੀਆਂ ਦੇ ਦਿਨਾਂ ਵਿਚ ਪੱਠੇ ਸਵੇਰੇ 9 ਤੋਂ ਪਹਿਲਾਂ ਅਤੇ ਸ਼ਾਮੀ 5 ਤੋਂ ਬਾਅਦ ਪਾਉਣੇ ਚਾਹੀਦੇ ਹਨ, ਕਿਉਂਕਿ ਦੁਪਹਿਰ ਵੇਲੇ ਪੱਠੇ ਖਾਣ ਨਾਲ ਪਸ਼ੂ ਨੂੰ ਵੱਧ ਗਰਮੀ ਲਗਦੀ ਹੈ। ਠੰਡੇ ਮਾਹੌਲ ਵਿਚ ਦਿੱਤੀ ਖੁਰਾਕ ਨੂੰ ਪਸ਼ੂ ਜ਼ਿਆਦਾ ਪਸੰਦ ਕਰਦੇ ਹਨ ਅਤੇ ਇਸ ਤਰ੍ਹਾਂ ਵਾਧੂ ਖੁਰਾਕ ਖਾਂਦੇ ਹਨ।

### ਪ੍ਰਜਨਣ ਪ੍ਰਬੰਧਨ ਸਬੰਧੀ ਨੁਕਤੇ

ਆਮ ਦੇਖਿਆ ਗਿਆ ਹੈ ਕਿ ਇਸ ਮੌਸਮ 'ਚ ਲਵੇਰੀਆਂ ਦੀ ਖੁਰਾਕ ਖਾਣ ਦੀ ਸਮਰੱਥਾ ਘੱਟ ਜਾਂਦੀ ਹੈ ਜਿਸਦੇ ਨਤੀਜੇ ਵਜੋਂ ਉਹਨਾਂ ਦੇ ਗੱਭਣ ਹੋਣ ਦੀ ਦਰ ਘੱਟ ਜਾਂਦੀ ਹੈ ਜਾਂ ਪਸ਼ੂ ਹੇਹੇ ਦੇ ਪੂਰੇ ਲੱਛਣ ਨਹੀਂ ਦਿਖਾਉਂਦਾ, ਖਾਸ ਕਰਕੇ ਮੱਝਾਂ ਵਿਚ ਗੂੰਗਾ ਹੇਹਾ ਆਮ ਦੇਖਿਆ ਜਾਂਦਾ ਹੈ। ਇਸ ਕਰਕੇ ਸਵੇਰੇ-ਸ਼ਾਮ ਪਸ਼ੂਆਂ ਨੂੰ ਗਹੁ ਨਾਲ ਦੇਖਣ ਦੇ ਨਾਲ-ਨਾਲ ਪਸ਼ੂ ਦੇ ਬੈਠਣ ਵਾਲੀ ਥਾਂ 'ਤੇ ਜਾਂ ਸਰੀਰ 'ਤੇ ਲੱਗੀਆਂ ਤਾਰਾਂ ਵੇਖਣੀਆਂ ਚਾਹੀਦੀਆਂ ਹਨ। ਹੇਹੇ ਦੀਆਂ ਨਿਸ਼ਾਨੀਆਂ ਜਿਵੇਂ ਕਿ ਪਸ਼ੂ ਦਾ ਬੇਚੈਨ ਹੋਣਾ, ਪੱਠੇ ਘੱਟ ਖਾਣਾ, ਦੂਜੇ ਪਸ਼ੂਆਂ ਤੇ ਚੜ੍ਹਨਾ, ਲਵੇਰੀਆਂ ਦੀ ਸੂਅ ਦਾ ਸੁੱਜ ਜਾਣਾ ਤੇ ਗੁਲਾਬੀ ਰੰਗ ਦਾ ਹੋ ਜਾਣਾ, ਵਾਰ ਵਾਰ ਪਿਸ਼ਾਬ ਕਰਨਾ ਆਦਿ ਹੋ ਸਕਦੀਆਂ ਹਨ।

### ਵਾੜੇ ਜਾਂ ਸ਼ੈਡ ਸਬੰਧੀ ਨੁਕਤੇ

ਗਰਮੀ ਦੇ ਦਬਾਅ ਨੂੰ ਘੱਟ ਕਰਨ ਲਈ ਦੁਧਾਰੂ ਪਸ਼ੂਆਂ ਨੂੰ ਲੋੜੀਂਦੀ ਜਗ੍ਹਾ ਦੇਣੀ ਚਾਹੀਦੀ ਹੈ ਤਾਂ ਕਿ ਉਹ ਆਰਾਮਦਾਇਕ ਸਥਿਤੀ ਨਾਲ ਬੈਠ ਸਕਣ। ਵਾੜੇ ਵਿਚ ਠੰਡੇ ਅਤੇ ਛਾਂਦਾਰ ਖੇਤਰ ਦਾ ਬੰਦੋਬਸਤ ਵੀ ਹੋਣਾ ਚਾਹੀਦਾ ਹੈ। ਪਸ਼ੂਆਂ ਦੇ ਵਾੜੇ ਦੀ ਛੱਤ ਬਾਹਰੋਂ ਦੀ ਹਲਕੇ ਰੰਗ ਦੀ ਹੋਣੀ ਚਾਹੀਦੀ ਹੈ ਜਿਸ ਨਾਲ ਵਾੜੇ ਵਿਚ ਗਰਮੀ ਨਹੀਂ ਹੁੰਦੀ। ਇਸ ਤੋਂ ਇਲਾਵਾ ਸ਼ੈਡਾਂ ਵਿਚ ਪੱਖਿਆਂ ਦੇ ਨਾਲ-ਨਾਲ ਪਾਣੀ ਵਾਲੇ ਫੁਆਰਿਆਂ ਦੀ ਵਰਤੋਂ ਕਰਨੀ ਲਾਭਕਾਰੀ ਰਹਿੰਦੀ ਹੈ। ਬਾਜ਼ਾਰ ਵਿਚ ਕਈ ਤਰ੍ਹਾਂ ਦੇ ਕੂਲਿੰਗ ਸਿਸਟਮ ਵੱਖ ਵੱਖ ਲੰਬਾਈ-ਚੌੜਾਈ ਵਾਲੇ ਸ਼ੈਡਾਂ ਲਈ ਉਪਲੱਬਧ ਹਨ। ਖੁਰਲੀਆਂ ਵਿੱਚੋਂ ਬਚੇ ਹੋਏ ਪੱਠੇ ਬਾਹਰ ਕੱਢਣੇ ਚਾਹੀਦੇ ਹਨ। ਗਰਮੀਆਂ ਦੇ ਦਿਨਾਂ ਵਿਚ ਦਰਿਆਈ ਮਿੱਟੀ ਦੀ ਡੇਢ ਤੋਂ ਦੋ ਇੰਚ ਮੋਟੀ ਤਹਿ ਪਾਉਣੀ ਲਾਭਕਾਰੀ ਰਹਿੰਦੀ ਹੈ। ਇਸ ਉੱਪਰ ਪਾਣੀ ਛਿੜਕਣ ਨਾਲ ਪਸ਼ੂ ਨੂੰ ਠੰਡਕ ਪਹੁੰਚਦੀ ਹੈ।

ਗਰਮੀਆਂ ਦੇ ਦਿਨਾਂ ਵਿਚ ਮੱਖੀਆਂ-ਮੱਛਰਾਂ ਦੀ ਸੰਖਿਆ ਵਿਚ ਵੀ ਵਾਧਾ ਹੁੰਦਾ ਹੈ। ਮੱਖੀਆਂ ਅਤੇ ਮੱਛਰ ਪਸ਼ੂਆਂ ਨੂੰ ਨਿਰੰਤਰ ਤੰਗ ਕਰਦੇ ਹਨ ਜਿਸ ਕਰਕੇ ਪਸ਼ੂ ਆਰਾਮ ਨਾਲ ਬੈਠ ਕੇ ਜੁਗਾਲੀ ਨਹੀਂ ਕਰ ਪਾਉਂਦਾ ਜਿਸ ਕਰਕੇ ਪਾਚਨ ਕਿਰਿਆ ਪ੍ਰਭਾਵਿਤ ਹੁੰਦੀ ਹੈ ਅਤੇ ਪਸ਼ੂ ਦੀ ਦੁੱਧ ਦੀ ਪੈਦਾਵਾਰ ਘਟਦੀ ਹੈ। ਇਸ ਲਈ ਇਹਨਾਂ ਦੀ ਰੋਕਥਾਮ ਲਈ ਢਾਰੇ ਸਾਫ ਅਤੇ ਸੁੱਕੇ ਰੱਖਣੇ ਚਾਹੀਦੇ ਹਨ।

### ਗਰਮੀਆਂ ਦੇ ਦਿਨਾਂ ਵਿਚ ਹੋਰ ਧਿਆਨ ਦੇਣ ਯੋਗ ਗੱਲਾਂ

ਗਰਮੀਆਂ ਦੇ ਦਿਨਾਂ ਵਿਚ ਢਾਰਿਆਂ ਅਤੇ ਖੁਰਲੀਆਂ ਦੀ ਸਮੇਂ ਸਮੇਂ ਤੇ ਸਫਾਈ ਕਰਨੀ ਚਾਹੀਦੀ ਹੈ। ਗਰਮੀਆਂ ਦੇ ਦਿਨਾਂ ਵਿਚ ਪਸ਼ੂਆਂ ਨੂੰ 2-3 ਵਾਰ ਨਹਾਉਣਾ ਚਾਹੀਦਾ ਹੈ ਤਾਂ ਜੋ ਪਸ਼ੂ ਅੱਤ ਦੀ ਗਰਮੀ ਤੋਂ ਬਚ ਸਕਣ। ਪਸ਼ੂਆਂ ਨੂੰ ਧੁੱਪ ਵਿਚ ਲੰਬੇ ਸਮੇਂ ਲਈ ਖੜੇ ਨਹੀਂ ਰਹਿਣ ਦੇਣਾ ਚਾਹੀਦਾ। ਗਰਮੀਆਂ ਦੇ ਦਿਨਾਂ ਵਿਚ ਪਸ਼ੂਆਂ ਨੂੰ ਲੰਬੀ ਦੂਰੀ ਤੱਕ ਨਹੀਂ ਤੋਰਨਾ ਚਾਹੀਦਾ। ਜੇਕਰ ਕਿਸੇ ਕਾਰਨ ਤੋਰਨਾ ਵੀ ਪਵੇ ਤਾਂ ਉਨ੍ਹਾਂ ਲਈ ਪਾਣੀ ਦੀ ਪੂਰੀ ਵਿਵਸਥਾ ਹੋਣੀ ਚਾਹੀਦੀ ਹੈ ਤਾਂ ਜੋ ਪਸ਼ੂ 'ਤੇ ਗਰਮੀ ਦਾ ਪ੍ਰਭਾਵ ਘੱਟ ਪਵੇ।

## ਖੇਤੀ ਅਤੇ ਖੇਤੀ ਸਹਾਇਕ ਧੰਦਿਆਂ ਦੀ ਆਧੁਨਿਕ ਜਾਣਕਾਰੀ ਨਾਲ ਭਰਪੂਰ



ਵਿਸ਼ੇਸ਼ ਆਫਰ

ਖੇਤੀ ਦੁਨੀਆਂ

ਵਟਸਐਪ ਰਾਹੀਂ ਪ੍ਰਾਪਤ ਕਰਨ ਲਈ

ਸਾਲਾਨਾ ਚੰਦਾ

ਸਿਰਫ 100/-* ਰੁਪਏ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਖੇਤੀ ਦੁਨੀਆਂ

ਵੱਲੋਂ

ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ

ਚੰਦਿਆਂ 'ਤੇ ਵਿਸ਼ੇਸ਼ ਛੂਟ

ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ

ਇੱਕ ਸਾਲ ਲਈ 300/- ਰੁਪਏ | ਦੋ ਸਾਲ ਲਈ 500/- ਰੁਪਏ

ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

ਖੇਤੀ ਦੁਨੀਆਂ

ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001

ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575

Website : www.khetiduniyan.in
E-mail : kdpublications@yahoo.co.in


# ਕੀ ਕੁਦਰਤੀ ਖੇਤੀ ਤੇ ਐਮ.ਐਸ.ਪੀ. ਫਿਕਸ ਕਰਨੀ ਸਰਕਾਰਾਂ ਨੂੰ ਮਨੁੱਖੀ ਸਿਹਤ ਸੁਧਾਰਾਂ, ਮਿੱਟੀ ਉਪਜਾਊਤਾ ਤੇ ਆਰਥਿਕਤਾ ਵਧਾਉਣ, ਖੇਤੀ ਦਵਾਈਆਂ ਦੀ ਫਸਲਾਂ ਤੇ ਵੱਧ ਖਪਤ ਘਟਾਉਣ 'ਚ ਲਾਹੇਵੰਦ ਸਾਬਿਤ ਹੋ ਸਕਦੀ ਹੈ, ਜੇਕਰ ਉਪਜਾਂ ਦੀ ਟੈਸਟਿੰਗ ਜ਼ਿਲ੍ਹੇ/ਬਲਾਕਾਂ 'ਚ ਹੋਵੇ ਲਾਜ਼ਮੀ





ਕਮਲਇੰਦਰਜੀਤ ਸਿੰਘ ਬਾਜਵਾ
ਬਲਾਕ ਟੈਕਨੋਲੋਜੀ ਮੈਨੇਜਰ,
ਖੇਤੀਬਾੜੀ ਵਿਭਾਗ, ਕਾਹਨੂੰਵਾਨ,
ਜ਼ਿਲ੍ਹਾ ਗੁਰਦਾਸਪੁਰ
ਮੋ. 98150-82401


ਕੁਦਰਤੀ ਖੇਤੀ ਦਾ ਨਾਮ ਲਈਏ ਤਾਂ ਸਾਡੇ ਜ਼ਹਿਨ 'ਚ ਆਉਂਦਾ ਹੈ ਕਿ ਕੁਦਰਤ ਦੇ ਵਰਤਾਰੇ ਦੀ ਝਲਕ ਹੋਵੇਗੀ ਤੇ ਕੁਦਰਤ ਨਾਲ ਹੀ ਜੁੜੀ ਅਜਿਹੀ ਕਾਸ਼ਤ ਹੋਵੇਗੀ । ਕੁਦਰਤੀ ਸੋਮਿਆਂ ਤੋਂ ਹੀ ਤਿਆਰ ਹੁੰਦੀ ਮਿੱਟੀ ਉਪਜਾਊਤਾ ਵਧਾਉਣ ਲਈ ਜਾਨਵਰਾਂ ਦੀ ਰੂੜੀ ਜਿਵੇਂ ਪਸ਼ੂ ਗਾਵਾਂ, ਕੁੱਕੜਾਂ ਆਦਿ ਫਸਲ ਵਾਧੇ ਲਈ ਤੇ ਕੀਟ ਤੇ ਉਲੀਨਾਸ਼ਕ ਨਾਸ਼ਕਾਂ ਵਜੋਂ ਅੱਜ, ਨਿੰਮ, ਭੰਗ, ਖੱਟੀ ਲੱਸੀ, ਗਊ ਮੂਤਰ, ਪਾਥੀਆਂ ਦਾ ਪਾਣੀ ਤੇ ਹੋਰ ਦੇਸੀ ਨੁਸਖੇ ਪਾਉਣੇ ਮੁੱਖ ਹਨ । ਹਾਲਾਂਕਿ ਬਹੁਤ ਜਾਣਕਾਰਾਂ ਵੱਲੋਂ ਕੁਦਰਤੀ ਖੇਤੀ ਨੂੰ ਕੇਵਲ ਗਊ ਆਧਾਰਿਤ ਖੇਤੀ ਕੀ ਕੁਦਰਤੀ ਮੰਨਿਆ ਗਿਆ ਹੈ । ਏਥੋਂ ਤੱਕ ਕਿ ਸਾਡੇ ਸਿਆਣਿਆਂ ਵੱਲੋਂ ਇਹ ਵੀ ਅਗਾਹੂ ਸੁਚੇਤ ਕੀਤਾ ਹੈ ਕਿ ਸਾਲ 2050 ਤੱਕ ਜੇਕਰ ਰਸਾਇਣਕ ਖਾਦਾਂ ਦੇ ਵਰਤਾਰੇ ਤੇ ਮਿੱਟੀ ਨੂੰ ਅੱਗ ਲਗਾਉਣ ਦੀ ਪ੍ਰਥਾ ਜੇਕਰ ਏਸੇ ਤਰ੍ਹਾਂ ਚਲਦੀ ਰਹੀ ਤਾਂ ਮਿੱਟੀ ਤੇ ਮਨੁੱਖ ਦੋਨੋਂ ਕੈਂਸਰ ਗ੍ਰਸਤ ਹੋ ਜਾਣਗੇ । ਮਨੁੱਖ ਬੱਚੇ ਨਹੀਂ ਪੈਦਾ ਕਰ ਪਾਏਗਾ, ਜੇਕਰ ਪੈਦਾ ਹੋਣਗੇ ਤਾਂ ਉਹ ਅਪੰਗ ਪੈਦਾ ਹੋਣਗੇ, ਜੋ ਤੰਦਰੁਸਤ ਸਮਾਜ ਵਾਲੇ ਨਹੀਂ ਹੋਣਗੇ । ਮਨੁੱਖ ਤੇ ਮਿੱਟੀ ਦਾ ਰਿਸ਼ਤਾ ਯੁੱਗਾਂ ਯੁੱਗਾਂਤਰਾਂ ਤੱਕ ਉਸ ਪਰਮਾਤਮਾ ਦੀ ਕੁਦਰਤ ਵੱਲੋਂ ਬਣਾਇਆ ਹੈ, ਕਿਉਂਕਿ ਉੱਗੇ ਦੀ ਏਸ ਦੀ ਬਦੌਲਤ ਹਾਂ ਅਤੇ ਫਲ ਫੁੱਲ ਵੀ ਏਸ ਤੇ ਹੀ ਰਹੇ ਹਾਂ। ਕੌੜੀ ਸੱਚਾਈ ਹੈ ਕਿ ਅਖੀਰ ਜਾਣਾ ਸਮਾਂ ਭੋਗ ਕੇ ਵੀ ਏਸੇ ਮਿੱਟੀ 'ਚ ਹੀ ਹੈ । ਜਿਸ ਖੇਤ ਦੀ ਮਿੱਟੀ ਨੂੰ ਅੱਗ ਨਾਲ ਨਹੀਂ ਸਾੜਿਆ ਜਾਂਦਾ, ਉਸ 'ਚ ਫਸਲ ਵਾਧੇ ਲਈ ਸੂਖਮ ਜੀਵਾਂ ਦੀ ਹੋਂਦ ਤੇ ਮਿੱਤਰ ਕੀੜੇ/ਗੰਡੋਏ ਆਦਿ ਲੋੜੋਂ ਵੱਧ ਬਰਕਰਾਰ ਰਹਿੰਦੇ ਹਨ । ਉਪਜਾਊ ਸ਼ਕਤੀ ਵੱਧਣ ਨਾਲ ਮਿੱਟੀ ਵਿਚ ਹਵਾ ਪਾਣੀ ਦੀ ਨਿਕਾਸੀ ਰਹਿਣ ਨਾਲ ਜ਼ਮੀਨ ਪੋਲੀ ਹੋਣ ਦੇ ਨਾਲ ਜੀਵ ਖਾਦ ਬਣਦੀ ਰਹਿੰਦੀ ਹੈ । ਏਥੇ ਤੱਕ ਕਿ ਸਿੱਧਾ ਇਹ ਕਹਿ ਲਈਏ ਕਿ ਅੱਜ ਬੰਦੇ ਤੇ ਮਿੱਟੀ ਦੋਨਾਂ ਨੂੰ ਕੈਂਸਰ ਦੇ ਪ੍ਰਭਾਵਾਂ ਤੋਂ ਬਚਾਉਣਾ ਅੱਜ ਦੀ ਮੁੱਖ ਲੋੜ ਹੈ ਜੋ ਰਸਾਇਣਕ ਦੌੜ ਤੋਂ ਖਤਮ ਹੁੰਦੀ ਜਾਪਦੀ ਨਹੀਂ ।

ਖੇਤੀ ਸੈਕਟਰ ਵਿਚ ਵੱਡੀ ਤਬਦੀਲੀ ਲਿਆਉਣ ਲਈ ਕੁੱਝ ਕੰਡੀ ਜਾਂ ਬੇਟ ਹਲਕਿਆਂ ਤੋਂ ਸ਼ੁਰੂਆਤ ਥੋੜੇ ਤੇ ਟਰਾਇਲ ਵਜੋਂ ਸਿੱਕਮ ਸਟੇਟ ਦੀ ਉਦਾਹਰਣ ਵਜੋਂ ਕਰਨ ਦੀ ਲੋੜ ਹੈ । ਮੈਡੀਕਲ ਸਟੱਡੀ ਵਿਚ ਆਏ ਦਿਨ ਤੁਸੀ ਅਖਬਾਰਾਂ 'ਚ ਖੇਤੀ ਸੈਕਟਰ 'ਚ ਮਾੜੇ ਅਧਿਐਨਾਂ ਤੋਂ ਵਿਨਾਸ਼ਕਾਰੀ ਪਹਿਲੂਆਂ ਬਾਰੇ ਪੜ੍ਹਦੇ ਰਹਿੰਦੇ ਹਾਂ, ਕਿ ਫਸਲੀ ਰਹਿੰਦ ਖੂੰਹਦ ਨੂੰ ਅੱਗ ਲਗਾਉਣ ਦਾ ਲੰਮੇ ਸਮੇਂ ਤੋਂ ਕਾਰਨ ਕੈਂਸਰ ਜ਼ਰੂਰ ਬਣਦਾ ਹੈ, ਭਾਵੇਂ ਉਹ ਸਾਹ ਰਾਹੀਂ ਫੇਫੜਿਆਂ ਦੇ ਕੈਂਸਰ ਜਾਂ ਹੋਰ ਸਕਿਨ, ਅੱਖਾਂ ਦੀ ਸਮੱਸਿਆ ਜੋ ਵਾਤਾਵਰਨ ਨਾਲ ਜੁੜੀ ਹੈ ਆਦਿ ਦੀ ਹੋਵੇ, ਦੂਜੀ ਗੱਲਬਾਤ ਮਿੱਟੀ ਵਿਚਲੇ ਤੱਤ ਦੀ ਕਰੀਏ ਤਾਂ ਕਿਉਂਕਿ ਪਹਿਲਾਂ ਤੋਂ ਸਾੜੇ ਉਪਜਾਊ ਤੱਤਾਂ ਦੀ ਘਾਟ ਬਣਾਉਟੀ ਤਰੀਕੇ ਨਾਲ ਪੂਰਤੀ ਕਰਨ ਲਈ ਬਾਰ ਬਾਰ ਰਸਾਇਣਕ ਖਾਦਾਂ ਛੱਟਿਆਂ, ਸਪਰੇਆਂ ਰਾਹੀਂ ਫਸਲਾਂ ਨੂੰ ਦੇ ਕੇ ਥੋੜ੍ਹੀ ਬਹੁਤ ਪੂਰਤੀ ਕਰਨੀ ਰਸਾਇਣਾਂ ਰਾਹੀਂ ਅਜਿਹੇ ਕਾਰਨ ਬਣਦੇ ਹਨ । ਜੋ ਘੁੰਮ ਕੇ ਸਾਲਾਂ ਦਰ ਸਾਲਾਂ ਤੋਂ ਸਾਡੀ ਮਿੱਟੀ ਤੋਂ ਸਾਡੇ ਸਰੀਰ ਅੰਦਰ ਵੀ ਪਹੁੰਚਦੇ ਹੋਣਗੇ । ਜਿਸ ਨਾਲ ਸਾਡੇ ਸਭਨਾਂ ਦੇ ਘਰਾਂ ਵਿਚ ਸਿਹਤ ਦੀਆਂ ਦਵਾਈਆਂ ਜ਼ੋਰ ਕਰ ਗਈਆਂ ਹਨ । ਜਿਸ ਤੇ ਚੰਗੇ ਸੰਤੁਲਿਤ ਭੋਜਨ ਪਦਾਰਥਾਂ ਨਾਲ ਹੀ ਲਗਾਮ ਲਗਾ ਸਕਦੇ ਹਾਂ ਨਹੀਂ ਤਾਂ ਨਹੀਂ । ਜਿੱਥੇ ਅੱਜ ਖੇਤ ਦੀ ਤਾਕਤ ਬਰਕਰਾਰ ਰੱਖਣ ਜਾਂ ਵਧਾਉਣ ਲਈ ਪਸ਼ੂਆਂ ਦੀ ਰੂੜੀ ਖਾਦ ਜਾਂ ਦਾਲਾਂ, ਜੰਤਰ, ਸਣ ਆਦਿ ਹਰੀ ਖਾਦ ਤਕਰੀਬਨ ਥੋੜੇ ਵਿਚ ਹੈ ਜਾਂ ਬਿਲਕੁਲ ਵਰਤੋਂ ਵਿਚ ਹੀ ਨਹੀਂ ਹੈ ।

ਅੱਜ ਵੀ ਪੰਜਾਬ 'ਚ ਬਹੁਤ ਸਾਰੇ ਮਿਹਨਤਕਸ਼ ਕਿਸਾਨ ਵੀਰ ਬਿਨਾਂ ਸਰਕਾਰ ਦੀ ਸਹੂਲਤ ਤੋਂ ਬਗੈਰ ਕੁੱਝ ਆਪਣੇ ਪੱਧਰ ਤੇ ਕਾਸ਼ਤ ਕਰਨ ਵਿਚ ਲੱਗੇ ਹੋਏ ਹਨ ਅਤੇ ਕੁਝ ਕੁ ਜਾਗਰੂਕ ਲੋਕਾਂ ਵੱਲੋਂ ਜ਼ਹਿਰ ਮੁਕਤ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਲੱਭਿਆ ਜਾਂਦਾ ਹੈ ਤਾਂ ਜੋ ਉਹ ਆਪਣੀ ਰਸੋਈ ਅਤੇ ਆਪਣੇ ਪਰਿਵਾਰ ਨੂੰ ਦਵਾਈਆਂ, ਖਾਦਾਂ ਤੋਂ ਬਚਾਅ ਵਾਲੀ ਸੋਚ ਅਤੇ ਸਿਹਤ ਨੂੰ ਦਵਾਈਆਂ ਦੀ ਖਪਤ ਦੇ ਘਰਾਂ ਵਿਚ ਵਧਦੇ ਸੰਤਾਪ ਨੂੰ ਦੇਖਦੇ ਅਤੇ ਏਸਦੇ ਕਾਰਨ ਨੂੰ ਸਮਝ ਕੇ ਭੋਜਨ ਪਦਾਰਥਾਂ ਦੀ ਆਮ ਬਜ਼ਾਰ ਨਾਲੋਂ ਖਰੀਦ ਪ੍ਰਣਾਲੀ ਤੱਕ ਬਦਲ ਰਹੇ ਹਨ । ਸਿੱਧਾ ਕਿਸਾਨਾਂ ਨਾਲ ਉਹਨਾਂ ਦੇ ਘਰਾਂ ਤੋਂ ਹੀ ਲੰਮ ਸੰਮ ਰਾਬਤਾ ਬਣਾ ਕੇ ਉਪਜ ਖਰੀਦ ਕੇ ਚੱਲ ਰਹੇ ਹਨ ।



ਪੰਜਾਬ 'ਚ ਪਿਛਲੇ ਚਾਰ ਦਹਾਕਿਆਂ ਤੋਂ ਰਸਾਇਣਕ ਖੇਤੀ ਦੀ ਸ਼ੁਰੂਆਤ ਹੋਈ । ਜਿਸ ਦੀ ਦੌੜ ਦਾ ਖਮਿਆਜ਼ਾ ਬਿਮਾਰ ਗ੍ਰਸਤ ਸਮਾਜ ਨਾਲ ਅਸੀਂ ਸਾਰੇ ਚੁਕ ਰਹੇ ਹਾਂ । ਏਸ ਦੀ ਪਹਿਲੀ ਉਦਾਹਰਣ ਜ਼ਹਿਰੀਲੇ ਰਸਾਇਣਾਂ ਦੀ ਵਰਤੋਂ ਕਰ ਵਾਪਸ ਮੁੜੇ ਅੱਜ ਵੀ ਪੰਜਾਬ ਵਿਚ ਬਹੁਤ ਸਾਰੇ ਕਿਸਾਨ ਹਨ । ਜਿਨ੍ਹਾਂ ਤੇ ਖੇਤੀ ਦਵਾਈਆਂ ਦੀ ਉਪਜਾਂ ਵਿਚ ਰਹਿੰਦ-ਖੂੰਹਦ ਲੰਮੇ ਸਮੇਂ ਤੱਕ ਰਹਿਣ ਕਰਕੇ ਪਰਿਵਾਰ ਸਕਿਨ ਅਲਰਜੀ ਨਾਲ ਪੀੜਤ ਰਿਹਾ, ਜੋ ਕਿ ਬਿਮਾਰੀ ਨਾਲ ਗ੍ਰਸਤ ਹੋਣ ਤੋਂ ਬਾਅਦ ਕੁਦਰਤੀ ਖੇਤੀ ਜੋ ਕਿ ਗਊ ਆਧਾਰਿਤ ਹੈ, ਵੱਲ ਹੋ ਮੁੜਿਆ । ਜਿਸ ਦੀ ਤਾਜ਼ੀ ਮਿਸਾਲ ਗੁਰਦਾਸਪੁਰ ਬਲਾਕ ਦੇ ਪਿੰਡ ਪੰਧੇਰ ਦੇ ਕਿਸਾਨ ਗੁਰਪਾਲ ਸਿੰਘ ਪੰਧੇਰ ਕੁਦਰਤੀ ਖੇਤੀ ਵਾਲੇ ਸਨ ।

ਏਸੇ ਦੀ ਦੂਜੀ ਉਦਾਹਰਨ ਨਾਲ ਜੂਝਨ ਵਾਲੇ ਕਿਸਾਨ ਸਰਬਜੀਤ ਸਿੰਘ ਪਿੰਡ ਝੰਡਾ ਲੁਬਾਣਾ ਬਲਾਕ ਕਾਹਨੂੰਵਾਨ ਜ਼ਿਲ੍ਹਾ ਗੁਰਦਾਸਪੁਰ ਦੇ ਸਨ, ਜੋ ਦਿਲ ਦੇ ਰੋਗ ਨਾਲ ਪੀੜਤ ਸਨ । ਡਾਕਟਰੀ ਇਲਾਜ ਤੇ ਮਿਲੇ ਸੁਝਾਅ ਨਾਲ ਅੱਜ ਜ਼ਹਿਰ ਮੁਕਤ ਖੇਤੀ ਕਰਕੇ ਦਵਾਈਆਂ ਛੱਡ ਚੁੱਕੇ ਹਨ । ਏਥੋਂ ਤੱਕ ਕਿ ਉਹਨਾਂ ਦੇ ਨੇੜੇ ਪਿੰਡ ਮੁੰਨਣ ਕਲਾਂ 'ਚ ਸਕਿਲ ਦੀ ਅਲਰਜੀ ਦਾ ਸ਼ਿਕਾਰ ਛੋਟਾ ਬੱਚਾ ਪੀ ਜੀ ਆਈ ਚੰਡੀਗੜ੍ਹ ਤੋਂ ਇਲਾਜ ਤੋਂ ਹਾਰ ਕੇ ਵਾਪਸ ਮੁੜਿਆ ਸੀ, ਨੂੰ ਵੀ ਕੁਦਰਤੀ ਸੋਮਿਆਂ ਨਾਲ ਤੰਦਰੁਸਤ ਕੀਤਾ । ਜੋ ਤੰਦਰੁਸਤ ਸਮਾਜ ਦੇ ਚਿਹਰੇ ਹਨ । ਤੀਜੇ ਕਿਸਾਨ ਬਲਾਕ ਕਾਹਨੂੰਵਾਨ ਦੇ ਪਿੰਡ ਕੱਲੂ ਸੋਹਲ ਦੇ ਸੁਖਵਿੰਦਰ ਪਾਲ ਸਿੰਘ ਜੋ 2 ਏਕੜ 'ਚ ਕੁਦਰਤੀ ਖੇਤੀ ਰਾਹੀਂ ਕਣਕ ਤਿਆਰ ਕਰਕੇ ਹਨ । ਜਿਥੇ ਕਿਸਾਨ ਵੱਲੋਂ ਦੱਸਿਆ ਕਿ ਏਸ ਫਸਲ ਨੂੰ ਪਸ਼ੂ ਬਹੁਤ ਖਾਣ ਆਉਂਦੇ ਹਨ ਫਸਲ 'ਚ ਮਿਠਾਸ ਦੇਖ, ਕਿਉਂਕਿ ਏਸ ਚ ਰਸਾਇਣਕ ਖਾਦਾਂ ਤੇ ਸਪਰੇਆਂ ਨਹੀਂ ਹੁੰਦੀ ਲੋਕ ਚੰਗੇ ਪੈਸੇ ਘਰ ਹੀ ਐਡਵਾਂਸ ਦੇ ਜਾਂਦੇ ਹਨ ।

ਅੱਜ ਪੰਜਾਬ 'ਚ ਸਿਹਤ ਪੱਖੀਂ ਬਿਮਾਰੀਆਂ ਦੇ ਵੱਧਦੇ ਪ੍ਰਕੋਪ ਨੂੰ ਰੋਕਣ ਲਈ ਬੱਚੇ, ਬਜ਼ੁਰਗਾਂ ਸਭ ਮਨੁੱਖੀ ਸਿਹਤ ਤੇ ਸਰੀਰਕ ਤੌਰ ਸਕਿਨ, ਖੂਨ, ਫੇਫੜਿਆਂ ਤੇ ਭਾਵੇਂ ਵਾਤਾਵਰਣ ਸਾਹ ਪਸ਼ੂ ਪੰਛੀਆਂ ਤੇ ਹੁੰਦੇ ਮਾਰੂ ਪ੍ਰਭਾਵਾਂ ਬਾਰੇ ਗੰਭੀਰ ਵਿਚਾਰਾਂ ਅਤੇ ਆਰਥਿਕ ਦ੍ਰਿਸ਼ਟੀ ਨਾਲ ਸਿਹਤ ਦੀ ਦਵਾਈਆਂ ਦੇ ਕੋਹੜ ਨੂੰ ਰੋਕਣ ਲਈ ਸਾਡੇ ਵੱਡੇ ਵਡੇਰਿਆਂ ਵੱਲੋਂ ਪੁਰਾਣੇ ਸਮੇਂ 'ਚ ਸ਼ੁਰੂ ਕੀਤੀ ਘੱਟ ਬੱਜਟ ਵਾਲੀ ਸਸਤੀ ਖੇਤੀ ਨੂੰ ਦੁਬਾਰਾ ਸ਼ੁਰੂ ਕਰਵਾਉਣ ਦੀ ਲੋੜ ਹੈ । ਜਿਸ ਕਰਕੇ ਘੱਟ ਤੋਂ ਘੱਟ ਕੈਮੀਕਲ ਸਪਰੇਅ, ਖਾਦਾਂ ਤੋਂ ਦੂਰ ਆਮ ਲੋਕਾਂ ਦੀ ਤੰਦਰੁਸਤੀ ਦਾ ਧਿਆਨ ਰੱਖਣ ਲਈ ਏਨਾਂ ਪਹਿਲੂ ਤੇ ਵਿਗਿਆਨਕਾਰਾਂ ਤੇ ਵਿਦਵਾਨਾਂ ਨੂੰ ਵੱਡੇ ਪੱਧਰ ਤੇ ਮਿੱਟੀ 'ਚ ਸੂਖਮ ਜੀਵਾਂ ਦੇ ਸੁਧਾਰ ਤੇ ਵਾਤਾਵਰਣ ਪ੍ਰਦੂਸ਼ਨ ਦਾ ਧਿਆਨ ਰੱਖਦੇ, ਮਨੁੱਖੀ ਪ੍ਰਜਣਨ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਤੇ ਪਸ਼ੂ ਪੰਛੀ ਤੇ ਪੈਂਦੇ ਮਾੜੇ ਮਾਰੂ ਪ੍ਰਭਾਵਾਂ ਤੇ ਸੋਚਣ ਅਤੇ ਨਵੀਂ ਖੇਤੀ ਨੀਤੀ ਵਿਚ ਲਿਆਉਣ ਦੀ ਸਮੇਂ ਮੁਤਾਬਿਕ ਬੇਹੱਦ ਜ਼ਰੂਰਤ ਹੈ । ਬਾਕੀ ਕੈਂਸਰ ਤੇ ਬਲੱਡ ਪਰੈਸ਼ਰ ਆਦਿ ਤੋਂ ਹਾਰਟ ਅਟੈਕ ਵਰਗੀ ਰੂਹ ਕੰਬਾਉਂਦੀ ਵੱਧਦੀਆਂ ਮਨੁੱਖੀ ਜੀਵਨ ਨੂੰ ਨਸ਼ਟ ਕਰਦੀਆਂ, ਜੋ ਤੀਜੀ ਸਟੇਜ ਤੇ ਸੁਣਨਾ ਵੀ ਤਦ ਹੀ ਘਟੇਗਾ ਤੇ ਖਤਮ ਹੋਵੇਗਾ ਜੇਕਰ ਸੰਤੁਲਿਤ ਭੋਜਨ ਪਦਾਰਥਾਂ ਦੀ ਸ਼ੁਰੂਆਤ ਹੋਵੇਗੀ ਨਹੀਂ ਤਾਂ ਨਹੀਂ ।

(ਚੱਲਦਾ)



# ਦੁਨੀਆਂ ਦਾ 1.5 ਡਿਗਰੀ ਤਾਪਮਾਨ ਵਧਣ ਤੋਂ ਪਹਿਲਾਂ ਭਾਰਤ ਦਾ ਜਲ ਸੰਕਟ

ਭਾਰਤ ਵਿਚ ਪਾਣੀ ਦੀ ਕਮੀ ਇਕ ਬੇਹੱਦ ਚਿੰਤਾ ਦਾ ਵਿਸ਼ਾ ਹੈ ਕਿਉਕਿ ਗਲੋਬਲ ਵਾਰਮਿੰਗ 1.5 ਡਿਗਰੀ ਦੀ ਹੱਦ ਤੱਕ ਪਹੁੰਚ ਰਹੀ ਹੈ। ਪੌਣ-ਪਾਣੀ ਤਬਦੀਲੀ ਕਾਰਨ ਵਧੇ ਹੋਏ ਤਾਪਮਾਨ ਅਤੇ ਮਾਨਸੂਨ ਦੇ ਪੈਟਰਨ 'ਚ ਬਦਲਾਅ ਨਾਲ ਪਾਣੀ ਦੀ ਘਾਟ ਹੋਰ ਬਦਤਰ ਹੋ ਗਈ ਹੈ, ਜਿਸ ਨਾਲ ਖੇਤੀਬਾੜੀ ਅਤੇ ਲੋੜਾਂ ਦੀ ਸਥਿਰਤਾ ਖਤਰੇ 'ਚ ਪੈ ਗਈ ਹੈ। ਤਤਕਾਲ ਕਾਰਵਾਈ ਲੋੜੀਦੀ ਹੈ

**ਅੰਜਲ ਪ੍ਰਕਾਸ਼**

ਕਿਉਕਿ ਅਸਥਿਰ ਪ੍ਰਥਾਵਾਂ ਅਤੇ ਵੱਧਦੇ ਸ਼ਹਿਰੀਕਰਨ ਨਾਲ ਜਲ ਸੋਮੇ ਖਤਮ ਹੋ ਰਹੇ ਹਨ। ਭਾਰਤ ਨੂੰ ਇਸ ਕੌੜੀ ਸੱਚਾਈ ਨੂੰ ਸਵੀਕਾਰ ਕਰਨਾ ਪਵੇਗਾ ਕਿ ਜੇ ਢੁੱਕਵੇਂ ਉਪਾਅ ਨਾ ਕੀਤੇ ਗਏ ਤਾਂ ਪਾਣੀ ਦੀ ਸੱਮਿਸਆ ਬਦਤਰ ਹੋ ਜਾਵੇਗੀ ਅਤੇ ਤਾਪਮਾਨ ਵਧਣ ਅਤੇ ਬਾਰਿਸ਼ ਅਨਿਯਮਿਤ ਹੋਣ ਨਾਲ ਰੋਜ਼ੀ-ਰੋਟੀ ਅਤੇ ਆਰਥਿਕ ਸਥਿਰਤਾ ਖਤਰੇ 'ਚ ਪੈ ਜਾਵੇਗੀ। 1.5 ਡਿਗਰੀ ਗਲੋਬਲ ਵਾਰਮਿੰਗ ਦੀ ਸਥਿਤੀ 'ਚ ਦੇਸ਼ ਦੇ ਸਥਾਈ ਭਵਿੱਖ ਲਈ ਭਾਰਤ ਦੀਆਂ ਜਲ ਸਮੱਸਿਆਵਾਂ ਦਾ ਹੱਲ ਜ਼ਰੂਰੀ ਅਤੇ ਅਹਿਮ ਹੈ। ਬੈਂਗਲੁਰੂ 'ਚ ਮੌਜੂਦਾ ਸੰਕਟ ਇਕ ਭਿਆਨਕ ਸੰਕੇਤ ਹੈ ਕਿ ਦੇਸ਼ ਦੇ ਬਦਲਦੇ ਪੌਣ-ਪਾਣੀ, ਅਣਕਿਆਸੀ ਮਾਨਸੂਨ, ਬਹੁਤ ਪ੍ਰਬੰਧਨ ਇਸ ਵਿਸ਼ਾਲ ਦੇਸ਼ ਲਈ ਗੰਭੀਰ ਖਤਰੇ ਹਨ।

1000 ਸਾਲਾਂ 'ਚ ਭਾਰਤ ਨੇ ਖੇਤੀਬਾੜੀ, ਘਰੇਲੂ ਖਪਤ ਅਤੇ ਕਈ ਹੋਰ ਵਰਤੋਂ ਲਈ ਦੇਸ਼ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸੰਘਰਸ਼ ਕਰਦਿਆਂ ਇਕ ਵਿਸਥਾਰਤ ਜਲ ਪ੍ਰਣਾਲੀ ਵਿਕਸਿਤ ਕੀਤੀ ਹੈ। ਹਾਲਾਂਕਿ, 1.4 ਅਰਬ ਤੋਂ ਵੱਧ ਦੀ ਆਬਾਦੀ ਨਾਲ, ਉਨ੍ਹਾਂ ਮੰਗਾਂ 'ਚ ਨਾਟਕੀ ਢੰਗ ਨਾਲ ਵਿਸਥਾਰ ਹੋਇਆ ਹੈ।

ਖੇਤੀਬਾੜੀ, ਘਰੇਲੂ ਵਰਤੋਂ ਅਤੇ ਹੋਰ ਉਦਯੋਗਾਂ ਦੇ ਖੇਤਰ, ਜੋ ਪਹਿਲਾਂ ਤੋਂ ਹੀ ਲੈਣ-ਦੇਣ ਦੇ ਸੂਖਮ ਸੰਬੰਧ 'ਚ ਸਨ, ਕਾਫੀ ਤਣਾਅਪੂਰਨ ਹੋ ਗਏ ਹਨ। ਭਾਰਤ ਦੀ 1.4 ਅਰਬ ਦੀ ਮਜ਼ਬੂਤ ਆਬਾਦੀ ਨੇ ਸਾਰੇ ਖੇਤਰਾਂ 'ਚ ਮੰਗ ਨੂੰ ਬੜ੍ਹਾਵਾ ਦਿੱਤਾ ਹੈ, ਜੋ ਸੁਭਾਵਿਕ ਤੌਰ 'ਤੇ ਜਲ ਸਰੋਤਾਂ ਦੀ ਘਟਦੀ ਉਪ ਲੱਬਧਤਾ ਨਾਲ ਪੂਰਾ ਹੋਇਆ ਹੈ। ਅਜਿਹਾ ਮੁੱਖ ਤੌਰ 'ਤੇ ਦੂਰਦਰਸ਼ਿਤਾ ਦੀ ਘਾਟ ਅਤੇ ਯੋਜਨਾ ਦੇ ਕਾਰਨ ਹੋਇਆ ਅਤੇ ਅਕਸਰ ਇਸ ਦੇ ਸਿੱਟੇ ਵਜੋਂ ਜਲ ਸਰੋਤਾਂ ਦੀ ਕਮੀ ਹੋ ਗਈ ਹੈ।

ਭਾਰਤ 'ਚ ਜਲ ਸੰਕਟ ਲਈ ਜ਼ਿੰਮੇਵਾਰ ਇਕ ਹੋਰ ਅਹਿਮ ਕਾਰਕ ਮਾਨਸੂਨ ਪੈਟਰਨ 'ਚ ਬਦਲਾਅ ਹੈ। ਮਾਨਸੂਨ ਦਾ ਮੌਸਮ ਪਹਿਲਾਂ ਖੇਤੀਬਾੜੀ ਲਈ ਵਰਦਾਨ ਸੀ ਪਰ ਹਾਲ ਦੇ ਦਿਨਾਂ 'ਚ ਇਸ 'ਚ ਬੇਯਕੀਨੀ ਵਧ ਗਈ ਹੈ। ਰੁਕ-ਰੁਕ ਕੇ ਭਾਰੀ ਬਾਰਿਸ਼ ਨਾਲ ਲੰਬੇ ਸਮੇਂ ਤੱਕ ਖੁਸ਼ਕ ਮੌਸਮ ਆਮ ਹੋ ਗਿਆ ਹੈ, ਜਿਸ ਨਾਲ ਰਵਾਇਤੀ ਦੇ ਪੈਟਰਨ 'ਚ ਅੜਿੱਕਾ ਪੈਦਾ ਹੋ ਰਿਹਾ ਹੈ ਅਤੇ ਖੇਤੀਬਾੜੀ ਪੈਦਾਵਾਰ ਘੱਟ ਰਹੀ ਹੈ। ਇਹ ਪ੍ਰਵਿਰਤੀ ਖਾਧ ਸੁਰੱਖਿਆ ਅਤੇ ਲੱਖਾਂ ਖੇਤੀਬਾੜੀ ਪੈਦਾਵਾਰ ਘੱਟ ਰਹੀ ਹੈ। ਇਹ ਪ੍ਰਵਿਰਤੀ ਖਾਧ ਸੁਰੱਖਿਆ ਅਤੇ ਲੱਖਾਂ ਖੇਤੀਬਾੜੀ ਦੀਆਂ ਨੌਕਰੀਆਂ 'ਚ ਬਦਲਾਅ ਨੂੰ ਖਤਰੇ 'ਚ ਪਾਉਂਦੀ ਹੈ।

**ਪੌਣ-ਪਾਣੀ ਤਬਦੀਲੀ ਦਰਮਿਆਨ ਤੱਤਕਾਲੀ ਕੰਮ** : ਸਭ ਤੋਂ ਗੰਭੀਰ ਸਮੱਸਿਆਵਾਂ 'ਚੋਂ ਇਕ ਨੂੰ ਯਾਦ ਰੱਖਣਾ ਜ਼ਰੂਰੀ ਹੈ ਜਿਸ ਨੂੰ ਆਗਾਮੀ ਚੋਣਾਂ ਤੋਂ ਪਹਿਲਾਂ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰਾਂ 'ਚੋ ਇਕ 'ਚ ਹੱਲ ਨਹੀਂ ਕੀਤਾ ਜਾਵੇਗਾ-ਵਧਦੇ ਮੌਸਮ ਦੇ ਮਿਜਾਜ਼ ਦਰਮਿਆਨ ਭਾਰਤ 'ਚ ਜਲ ਸਰੋਤਾਂ ਦਾ ਮਾੜਾ ਪ੍ਰਬੰਧ। ਬੈਂਗਲੁਰੂ 'ਚ ਮੌਜੂਦਾ ਜਲ ਸੰਕਟ ਸਿਰਫ ਇਕ ਛੋਟੀ ਜਿਹੀ ਚਿਤਾਵਨੀ ਸੀ ਜਿਸ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਗੰਭੀਰ ਪੌਣ-ਪਾਣੀ ਪ੍ਰੇਰਿਤ ਮੁੱਦਿਆਂ ਤੋਂ ਬਚਣ ਲਈ ਭਾਰਤ ਦੀ ਜਲ ਸੁਰੱਖਿਆ ਦੀ ਰੱਖਿਆ ਲਈ ਵੱਡੇ ਪੱਧਰ 'ਤੇ ਉਪਾਅ ਜਲਦ ਹੀ ਲਾਗੂ ਕੀਤੇ ਜਾਣੇ ਚਾਹੀਦੇ ਹਨ। ਹਾਲਾਂਕਿ, ਭਾਰਤ 'ਚ ਪਾਣੀ ਦੀ ਸਮੱਸਿਆ ਜਿੰਨੀ ਦਿਸਦੀ ਹੈ ਉਸ ਤੋਂ ਕਿਤੇ ਵੱਧ ਕਈ ਪੱਧਰਾਂ 'ਤੇ ਹੋਰ ਗੁੰਝਲਦਾਰ ਹੈ।

ਇਹ ਕਿਸੇ ਵਿਸ਼ੇਸ਼ ਮੁੱਦੇ ਤੱਕ ਸੀਮਤ ਨਹੀਂ ਹੈ, ਜਿਵੇਂ ਕਿ ਤੇਜ਼ੀ ਨਾਲ ਸ਼ਹਿਰੀਕਰਨ, ਉਦਯੋਗਿਕ ਵਿਕਾਸ, ਖੇਤੀਬਾੜੀ ਅਤੇ ਲੋੜੀਂਦੇ ਬੁਨਿਆਦੀ ਢਾਂਚੇ ਦੀ ਘਾਟ; ਬੇਯਕੀਨੀ ਮਾਨਸੂਨ ਅਤੇ ਵਧਦਾ ਤਾਪਮਾਨ ਸਿਰਫ ਪਾਣੀ ਦੀ ਕਮੀ ਨੂੰ ਵਧਾਉਂਦਾ ਹੈ, ਜਿਸ ਨਾਲ ਲੋਕਾਂ ਅਤੇ ਅਰਥਵਿਵਸਥਾ ਦੀਆਂ ਖੇਤੀਬਾੜੀ ਅਤੇ ਉਦਯੋਗ ਵਰਗੀਆਂ ਸਭ ਤੋਂ ਬੁਨਿਆਦੀ ਲੋੜਾਂ ਕਮਜ਼ੋਰ ਹੋ ਜਾਂਦੀਆਂ ਹਨ।

ਬੈਂਗਲੁਰੂ, ਜਿਸ ਨੂੰ ਕਦੀ-ਕਦੀ ਭਾਰਤ ਦੀ ਸਿਲੀਕਾਨ ਵੈਲੀ ਵੀ ਕਿਹਾ ਜਾਂਦਾ ਹੈ, ਵਿਚ ਗੰਭੀਰ ਜਲ ਸੰਕਟ ਸੀ, ਜੋ ਇਸ ਗੱਲ ਨੂੰ ਜ਼ਾਹਿਰ ਕਰਦਾ ਹੈ ਕਿ ਸ਼ਹਿਰੀ ਖੇਤਰ ਪਾਣੀ ਦੀ ਘਾਟ ਪ੍ਰਤੀ ਕਿੰਨੇ ਸੰਵੇਦਨਸ਼ੀਲ ਹਨ।

ਸ਼ਹਿਰ ਪੌਣ-ਪਾਣੀ ਤਬਦੀਲੀ ਪ੍ਰਤੀ ਸੰਵੇਦਨਸ਼ੀਲ ਹਨ ਕਿਉਕਿ ਇਹ ਅਸਥਿਰ ਧਰਤੀ ਹੇਠਲੇ ਪਾਣੀ ਦੀ ਨਿਕਾਸੀ ਅਤੇ ਘੱਟ ਬਾਰਿਸ਼ ਜਲ ਸੰਗ੍ਰਹਿ ਕਰਨ ਵਾਲੀਆਂ ਸਹੂਲਤਾਂ 'ਤੇ ਨਿਰਭਰ ਹੈ। ਜੇ ਹੁਣ ਤੋਂ ਹੀ ਸਮੱਸਿਆ ਦੇ ਹੱਲ ਲਈ ਕਦਮ ਨਾ ਚੁੱਕੇ ਗਏ ਤਾਂ ਤਾਪਮਾਨ ਵਧਣ ਅਤੇ ਬਾਰਿਸ਼ ਜ਼ਿਆਦਾ ਅਨਿਯਮਿਤ ਹੋਣ ਕਾਰਨ ਅਜਿਹੀਆਂ ਸਥਿਤੀਆਂ ਜ਼ਿਆਦਾ ਵਾਰ ਅਤੇ ਗੰਭੀਰ ਹੋਣ ਦੀ ਸੰਭਾਵਨਾ ਹੈ।

ਭਾਰਤ ਦੇ ਜਲ ਸਰੋਤਾਂ ਦੇ ਗਲਤ ਪ੍ਰਬੰਧਨ ਦੇ ਸ਼ਹਿਰਾਂ ਤੋਂ ਪਰ੍ਹੇ ਵੀ ਦੂਰਗਾਮੀ ਨਤੀਜੇ ਹਨ। ਆਬਾਦੀ ਦਾ ਇਕ ਵੱਡਾ ਹਿੱਸਾ ਖੇਤੀਬਾੜੀ ਕਰਦਾ ਹੈ, ਜੋ ਇਸ ਨੂੰ ਖਾਸ ਤੌਰ 'ਤੇ ਅਸੁਰੱਖਿਅਤ ਬਣਾਉਂਦਾ ਹੈ। ਬੇਯਕੀਨੇ ਮੌਸਮ ਨਾਲ ਮਾਨਸੂਨ ਦੀ ਬਾਰਿਸ਼ 'ਤੇ ਨਿਰਭਰ ਰਵਾਇਤੀ ਖੇਤੀ ਦੇ ਤਰੀਕੇ ਹੁਣ ਟਿਕਾਊ ਨਹੀਂ ਰਹਿ ਗਏ ਹਨ। ਸੋਕੇ, ਹੜ੍ਹ ਅਤੇ ਜ਼ਮੀਨ ਹੇਠਲੇ ਪਾਣੀ ਦੇ ਡਿੱਗਦੇ ਪੱਧਰ ਕਾਰਨ ਕਿਸਾਨਾਂ ਨੂੰ ਜਿਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਨ੍ਹਾਂ ਕਾਰਨ ਫਸਲ ਸਫਲ ਨਹੀਂ ਹੁੰਦੀ।

ਇਸ ਤੋਂ ਇਲਾਵਾ ਪਾਣੀ ਦੀ ਕਮੀਂ ਭਾਰਤ ਦੇ ਉਦਯੋਗਿਕ ਖੇਤਰ ਨੂੰ ਵੀ ਪ੍ਰਭਾਵਿਤ ਕਰਦੀ ਹੈ ਜੋ ਦੇਸ਼ ਦੇ ਆਰਥਿਕ ਵਿਸਥਾਰ ਦਾ ਮੁੱਖ ਇੰਜਣ ਹੈ। ਠੰਢਾ ਕਰਨ (ਕੂਲਿੰਗ), ਸਵੱਛਤਾ ਅਤੇ ਨਿਰਮਾਣ ਦੇ ਕਈ ਕਾਰੋਬਾਰਾਂ ਲਈ ਪਾਣੀ ਲੋੜੀਂਦਾ ਹੈ। ਪੈਦਾਵਾਰ ਨੂੰ ਖਤਰੇ 'ਚ ਪਾਉਣ ਤੋਂ ਇਲਾਵਾ, ਘਟਦੀ ਜਲ ਸਪਲਾਈ ਵੀ ਇਨ੍ਹਾਂ ਉਦਯੋਗਾਂ 'ਚ ਕੰਮ ਕਰਨ ਵਾਲੇ ਲੱਖਾਂ ਲੋਕਾਂ ਦੀ ਰੋਜ਼ੀ-ਰੋਟੀ ਨੂੰ ਖਤਰੇ 'ਚ ਪਾਉਂਦੀ ਹੈ।

**ਭਾਰਤ ਦੀ ਜਲ ਦੁਬਿਧਾ ਦਾ ਹੱਲ** : ਭਾਰਤ ਦੀ ਜਲ ਦੁਬਿਧਾ ਲਈ ਮਜ਼ਬੂਤ ਨੀਤੀਗਤ ਫੈਸਲੇ ਅਤੇ ਵਿਗਿਆਨਕ ਸਮਝ ਦੇ ਤਾਲਮੇਲ ਵਾਲੀ ਇਕ ਬਹੁ-ਕੋਣੀ ਰਣਨੀਤੀ ਦੀ ਲੋੜ ਹੈ। ਸਭ ਤੋਂ ਪਹਿਲਾਂ ਅਤੇ ਸਭ ਤੋਂ ਅਹਿਮ, ਜਲ ਸਰੋਤਾਂ ਦੇ ਬਿਹਤਰ ਪ੍ਰਸ਼ਾਸਨ ਅਤੇ ਪ੍ਰਬੰਧਨ ਦੀ ਸਖਤ ਲੋੜ ਹੈ। ਇਸ 'ਚ ਕਾਨੂੰਨੀ ਢਾਂਚੇ ਨੂੰ ਮਜ਼ਬੂਤ ਕਰਨਾ, ਜਲ ਬੱਚਤ ਸਕੀਮਾਂ ਦਾ ਵਿੱਤੀ ਪੋਸ਼ਣ ਕਰਨਾ ਅਤੇ ਉਦਯੋਗਾਂ 'ਚ ਪੌਣ-ਪਾਣੀ ਅਨੁਕੂਲ ਵਿਹਾਰ ਨੂੰ ਹੱਲਾਸ਼ੇਰੀ ਦੇਣਾ ਸ਼ਾਮਲ ਹੈ।

### ਜ਼ਮੀਨ ਹੇਠਲੇ ਪਾਣੀ ਦਾ ਪੱਧਰ ਹਰ ਸਾਲ ਤਿੰਨ ਫੁੱਟ ਹੇਠਾਂ ਜਾ ਰਿਹਾ ਹੈ

# ਕੁਦਰਤੀ ਸੌਮਿਆਂ ਨੂੰ ਬਚਾਉਣ ਲਈ ਹੁਣ ਸਖਤ ਕਦਮ ਚੁੱਕਣ ਦੀ ਲੋੜ

## ਲੋਕ ਸਭਾ ਚੋਣਾਂ 'ਚ ਮੁੱਖ ਮੁੱਦਾ ਬਣਾਇਆ ਜਾਵੇ 'ਕੁਦਰਤੀ ਸੋਮਿਆਂ ਦਾ ਬਚਾਅ'

ਤੁਸੀਂ ਉਨ੍ਹਾਂ 30 ਕਰੋੜ ਲੋਕਾਂ ਵਿਚੋਂ ਤਾਂ ਨਹੀਂ, ਜਿਹੜੇ ਸੂਰਜ ਚੜ੍ਹਦੇ ਸਾਰ ਹੀ ਪਾਣੀ ਲਈ ਜੱਦੋ-ਜਹਿਦ ਸ਼ੁਰੂ ਕਰ ਦਿੰਦੇ ਹਨ ? ਜੇਕਰ ਨਹੀਂ ਤਾਂ ਖੁਸ਼ ਵੀ ਹੋਣ ਦੀ ਲੋੜ ਨਹੀਂ। ਜੇਕਰ ਅਸੀਂ ਹੁਣ ਵੀ ਨਾ ਸੰਭਲੇ ਤਾਂ ਤੁਸੀਂ ਵੀ ਉਨ੍ਹਾਂ 90 ਕਰੋੜ ਲੋਕਾਂ ਵਿਚ ਸ਼ਾਮਲ ਹੋ ਜਾਓਗੇ, ਜਿਹੜੇ ਅਗਲੇ ਦੋ ਦਹਾਕਿਆਂ ਵਿਚ ਪਾਣੀ ਲਈ ਤਰਸਣਗੇ। ਹਵਾ 'ਚ ਸਾਹ ਵੀ ਲੈਣਾ ਔਖਾ ਹੋ ਜਾਵੇਗਾ , ਕਿਉਕਿ ਪ੍ਰਦੂਸ਼ਣ ਦੇ ਮਾਮਲੇ 'ਚ ਭਾਰਤ ਤੀਸਰੇ ਨੰਬਰ 'ਤੇ ਆ ਚੁੱਕਾ ਹੈ। ਜਿਸ ਕਰਕੇ ਦੇਸ਼ ਅੰਦਰ ਹੋਣ ਜਾ ਰਹੀਆਂ ਲੋਕ ਸਭਾ 2024 ਦੀਆਂ ਚੋਣਾ ਦੌਰਾਨ ਕੁਦਰਤੀ ਸੋਮਿਆਂ ਦੇ ਬਚਾਅ ਨੂੰ ਮੁੱਖ ਮੁੱਦੇ ਵਜੋਂ ਲਿਆ ਜਾਵੇ। ਕਿਉਕਿ ਖੇਤੀ, ਉਦਯੋਗੀਕਰਨ ਅਤੇ ਸ਼ਹਿਰੀਕਰਨ ਦੇ ਨਾਲ ਹੀ ਆਧੁਨਿਕ ਜ਼ਿੰਦਗੀ ਦੇ ਨਾਂ 'ਤੇ ਬਹੁਤ ਪਾਣੀ ਬਰਬਾਦ ਹੋ ਰਿਹਾ ਹੈ।

ਪਿਛਲੇ ਕਈ ਸਾਲਾਂ ਤੋਂ ਭਾਰਤ ਵਿਚ ਪਾਣੀ ਦੀ ਉਪਲੱਬਧਤਾ ਇਕ ਤਿਹਾਈ ਰਹਿ ਗਈ ਹੈ, ਭਾਵ ਕਿ 1952 ਤੋਂ ਲੈ ਕੇ ਹੁਣ ਤੱਕ 33 ਫੀਸਦੀ ਪਾਣੀ ਖਤਮ ਹੋ ਚੁੱਕਾ ਹੈ, ਜਦਕਿ ਆਬਾਦੀ ਅਤੇ ਪੱਕੀ ਕੀਤੀ ਜਾ ਰਹੀ ਧਰਤੀ ਹਰ ਦਿਨ ਵਧ ਰਹੀ ਹੈ। ਪੱਕੀ ਧਰਤੀ ਕਾਰਨ ਪਾਣੀ ਰਿਚਾਰਜ਼ ਹੋਣ ਵਿਚ ਦਿੱਕਤ ਪੈਦਾ ਹੋ ਰਹੀ ਹੈ ਅਤੇ ਵਧਦੀ ਆਬਾਦੀ ਪਾਣੀ ਦੀ ਵਰਤੋਂ ਕਰਨ ਦੀ ਬਜਾਏ ਦੁਰਵਰਤੋਂ ਕਰ ਰਹੀ ਹੈ। ਹਰ ਰੋਜ਼ ਕੋਠੀਆਂ, ਕਾਰਾਂ, ਧਾਰਮਿਕ ਸਥਾਨਾਂ ਨੂੰ ਲਿਸ਼ਕਾਉਣ ਲਈ ਧੜਾਧੜ ਪਾਣੀ ਵਰਤਿਆ ਜਾ ਰਿਹਾ ਹੈ। ਵੱਡੇ-ਛੋਟੇ ਸਬਮਰਸੀਬਲ ਬੋਰ ਚਲਾ ਕੇ ਮਣਾਂ-ਮੂੰਹੀਂ ਪਾਣੀ ਵਾਧੂ ਵਹਾਇਆ ਜਾ ਰਿਹਾ ਹੈ। ਪੇਂਡੂ ਖੇਤਰਾਂ ਵਿਚ ਬਣੇ ਛੱਪੜ ਪਾਣੀ ਕਾਰਨ ਬੇਹਾਲ ਹੋ ਗਏ ਹਨ, ਕਿਉਕਿ ਕਿਸਾਨਾਂ ਦੇ ਘਰਾਂ ਵਿਚ ਪਸ਼ੂਆਂ ਨੂੰ ਨਹਾਉਣ ਲਈ ਪੀਣਯੋਗ ਪਾਣੀ ਵਰਤਿਆ ਜਾ ਰਿਹਾ ਹੈ। ਛੱਪੜਾਂ ਵਿਚ ਪਸ਼ੂਆਂ ਨੂੰ ਕੋਈ ਨਹੀਂ ਲਿਜਾ ਰਿਹਾ।

ਹਾਲਾਤ ਇਹੋ ਗਏ ਹਨ ਕਿ ਅਸੀਂ ਲਗਾਤਾਰ ਭੂਮੀਗਤ ਪਾਣੀ 'ਤੇ ਨਿਰਭਰ ਹੁੰਦੇ ਹਾਂ। ਇਸ ਦਾ ਨਤੀਜਾ ਇਹ ਨਿਕਲ ਰਿਹਾ ਹੈ ਕਿ ਜ਼ਮੀਨੀ ਪੱਧਰ ਦਾ ਪਾਣੀ ਹਰ ਸਾਲ ਤਿੰਨ ਫੁੱਟ ਹੇਠਾਂ ਜਾ ਰਿਹਾ ਹੈ। ਇਸ ਨਾਲ ਉੱਤਰੀ ਭਾਰਤ ਦੇ 11 ਕਰੋੜ ਤੋਂ ਜ਼ਿਆਦਾ ਲੋਕ ਭਿਆਨਕ ਜਲ ਸੰਕਟ ਨਾਲ ਜੂਝ ਰਹੇ ਹਨ। ਇਹ ਖੁਲਾਸਾ ਅਮਰੀਕੀ ਪੁਲਾੜ ਏਜੰਸੀ 'ਨਾਸਾ' ਨੇ ਕੀਤਾ ਹੈ। ਜ਼ਮੀਨ ਵਿਚੋਂ ਲਗਾਤਾਰ ਪਾਣੀ ਖਿੱਚਣ ਦਾ ਹੀ ਨਤੀਜਾ ਹੈ ਕਿ ਅੱਜ ਦੇਸ਼ ਦੇ 5723 ਵਿਚੋਂ 839 ਬਲਾਕ ਡਾਰਕ ਜੋਨ ਵਿਚ ਆ ਚੁੱਕੇ ਹਨ ਅਤੇ ਇਹ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਇਨ੍ਹਾਂ ਹਾਲਾਤਾਂ ਤੋਂ ਦੇਸ਼ ਦਾ ਕੋਈ ਵੀ ਹਿੱਸਾ ਨਹੀਂ ਬਚ ਸਕਿਆ। ਉੱਤਰ ਤੋਂ ਲੈ ਕੇ ਦੱਖਣ ਤੱਕ, ਪੂਰਬ ਤੋਂ ਪੱਛਮ ਤੱਕ ਹਰ ਥਾਂ ਪਾਣੀ ਨੂੰ ਲੈ ਕੇ ਮਾਰੋ-ਮਾਰੀ ਚੱਲ ਰਹੀ ਹੈ।

ਦੇਸ਼ ਦੇ 10 ਲੱਖ ਤੋਂ ਜ਼ਿਆਦਾ ਆਬਾਦੀ ਵਾਲੇ 35 ਸ਼ਹਿਰਾਂ ਵਿੱਚੋਂ ਕਿਸੇ ਵਿਚ ਵੀ ਇਕ ਘੰਟੇ ਤੋਂ ਵੱਧ



ਪਾਣੀ ਦੀ ਸਪਲਾਈ ਨਹੀਂ ਦਿੱਤੀ ਜਾ ਰਹੀ। ਬਹੁਤ ਗਿਣਤੀ ਸ਼ਹਿਰਾਂ ਵਿਚ ਤਾਂ ਟੈਂਕਰ ਹੀ ਪਾਣੀ ਦਾ ਸਾਧਨ ਬਣੇ ਹੋਏ ਹਨ। ਪਾਣੀ ਲੈਣ ਲਈ ਲਾਈਨਾਂ ਵਿਚ ਲੱਗਣਾ ਵੀ ਲੋਕਾਂ ਦੀ ਜ਼ਿੰਦਗੀ ਦਾ ਹਿੱਸਾ ਬਣ ਗਿਆ ਹੈ। ਪਿੰਡਾਂ ਵਿਚ ਹਾਲਾਤ ਇਸ ਤੋਂ ਵੀ ਮਾੜੇ ਹਨ। ਪਹਿਲਾਂ ਤਾਂ ਪਾਣੀ ਪੰਜ ਮੀਟਰ ਦੀ ਦੂਰੀ 'ਤੇ ਮਿਲ ਜਾਂਦਾ ਸੀ, ਹੁਣ ਪਾਣੀ ਲੈਣ ਲਈ ਪੰਜ ਸੌ ਮੀਟਰ ਦੂਰੀ ਤੱਕ ਜਾਣਾ ਪੈਂਦਾ ਹੈ।

ਰਾਜਸਥਾਨ ਅਤੇ ਗੁਜਰਾਤ ਦੇ ਪਿੰਡਾਂ ਵਿਚ ਇਹ ਹਾਲਤ ਆਮ ਹਨ। ਸਾਨੂੰ ਦੱਸਿਆ ਜਾਂਦਾ ਹੈ ਕਿ ਧਰਤੀ ਦੇ 70 ਫੀਸਦੀ ਭਾਗ ਵਿਚ ਪਾਣੀ ਹੈ ਪਰ ਜਲ ਸੰਕਟ ਫਿਰ ਵੀ ਵਧਦਾ ਜਾ ਰਿਹਾ ਹੈ। ਇਕ ਲੱਖ ਲਿਟਰ ਪਾਣੀ ਵਿਚੋਂ ਸਿਰਫ 7 ਲਿਟਰ ਹੀ ਪੀਣਯੋਗ ਹੈ। ਇਸ ਨੂੰ ਵੀ ਜ਼ਹਿਰੀਲਾ ਕਰ ਦਿੱਤਾ ਗਿਆ ਹੈ। ਕੁਦਰਤੀ ਭੰਡਾਰਾਂ ਨਾਲ ਛੇੜਛਾੜ ਕਰਨ ਵਾਲੇ ਆਧੁਨਿਕ ਮਨੁੱਖ ਲਈ ਬਹੁਤ ਵੱਡਾ ਖਤਰਾ ਪੈਦਾ ਹੋ ਗਿਆ ਹੈ। ਜਿਸ ਨੇ ਕੁਦਰਤ ਨਾਲ ਖਿਲਵਾੜ ਕਰਨਾ ਬੰਦ ਨਹੀਂ ਕੀਤਾ। ਪਾਣੀ ਦੀ ਬੇਲੋੜੀ ਵਰਤੋਂ ਅਤੇ ਪ੍ਰਦੂਸ਼ਣ ਕਾਰਨ ਪਾਣੀ ਖਾਤਮੇ ਵੱਲ ਹੀ ਨਹੀਂ ਜਾ ਰਿਹਾ ਸਗੋਂ ਜ਼ਹਿਰੀਲਾ ਵੀ ਹੋ ਰਿਹਾ ਹੈ।

ਪੰਜ ਦਰਿਆਵਾਂ ਦੀ ਧਰਤੀ 'ਤੇ ਪਾਣੀ ਦੀ ਬੋਤਲ 20 ਰੁਪਏ ਹੀ ਨਹੀਂ ਵਿਕ ਰਹੀ, ਸਗੋਂ ਜ਼ਹਿਰੀਲੇ ਪਾਣੀ ਕਾਰਨ ਪੰਜਾਬ ਦੇ ਸ਼ਹਿਰਾਂ ਅਤੇ ਪਿੰਡਾਂ ਵਿਚ ਪਾਣੀ ਸਾਫ ਕਰਨ ਵਾਲੇ ਫਿਲਟਰ ਵੇਚਣ ਵਾਲੀਆਂ ਕੰਪਲੀਆਂ ਵੀ ਪੂਰੀ ਤਰ੍ਹਾਂ ਆਪਣਾ ਜਾਲ ਵਿਛਾ ਚੁੱਕੀਆਂ ਹਨ। ਜਿਹੜੀਆਂ ਲੋਕਾਂ ਦੇ ਘਰਾਂ ਵਿਚ ਜਾ ਕੇ ਜ਼ਹਿਰੀਲੇ ਪਾਣੀ ਦੇ ਨੁਕਸਾਨ ਦੱਸ ਕੇ ਪਾਣੀ ਟੈਸਟ ਕਰਕੇ ਫਿਲਟਰ ਲਾ ਰਹੇ ਹਨ। ਸ਼ੁੱਧ ਪਾਣੀ ਦੇਣ ਦੇ ਨਾਂ 'ਤੇ ਸ਼ੁਰੂ ਹੋਇਆ ਇਹ ਕਾਰੋਬਾਰ ਵੀ ਲੱਖਾਂ ਦੀ ਬਜਾਏ ਕਰੋੜਾਂ ਰੁਪਏ ਤੱਕ ਪਹੁੰਚ ਚੁੱਕਿਆ ਹੈ। ਜਿਸ ਕਰਕੇ ਸਾਲ 2024 ਦੀਆਂ ਲੋਕ ਸਭਾ ਚੋਣਾਂ ਵਿਚ ਕੁਦਰਤੀ ਸਾਧਨਾਂ ਦਾ ਬਚਾਅ ਮੁੱਖ ਮੁੱਦਾ ਹੋਣਾ ਚਾਹੀਦਾ ਹੈ।

**ਬ੍ਰਿਸ਼ ਭਾਨ ਬੁਜਰਕ, ਕਾਹਨਗੜ੍ਹ ਰੋਡ ਪਾਤੜਾਂ, ਜ਼ਿਲਾ ਪਟਿਆਲਾ**


RNI/42269/83




# ਪੰਜਾਬ ਵਿੱਚ ਕਣਕ ਦੀ ਰਿਕਾਰਡ ਪੈਦਾਵਾਰ ਹੋਣ ਦੀ ਸੰਭਾਵਨਾ

## ਮੌਸਮ ਦੀ ਗੜਬੜੀ ਨੇ ਕਿਸਾਨਾਂ ਦੇ ਸਾਹ ਸੂਤੇ

ਮੌਸਮ ਵਿੱਚ ਪੱਛਮੀ ਗੜਬੜੀ ਕਾਰਨ ਸੂਬੇ ਵਿੱਚ ਵਾਰ-ਵਾਰ ਪੈ ਰਹੀ ਬੇਮੌਸਮੀ ਬਾਰਿਸ਼ ਨੇ ਕਿਸਾਨਾਂ ਦੇ ਸਾਹ ਸੂਤ ਕੇ ਰੱਖ ਦਿੱਤੇ ਹਨ, ਪਰ ਮਾਰਚ ਦਾ ਮਹੀਨਾ ਕਣਕ ਦੀ ਫ਼ਸਲ ਦੇ ਅਨੁਕੂਲ ਹੋਣ ਕਾਰਨ ਐਤਕੀਂ ਪੰਜਾਬ ਵਿੱਚ ਕਣਕ ਦੀ ਰਿਕਾਰਡ ਪੈਦਾਵਾਰ ਹੋਣ ਦੀ ਸੰਭਾਵਨਾ ਹੈ। ਕਣਕ ਵਿੱਚ ਨਮੀ ਦੀ ਮਾਤਰਾ ਵੱਧ ਹੋਣ ਕਾਰਨ ਜ਼ਿਆਦਾਤਰ ਮੰਡੀਆਂ ਵਿੱਚ ਕਣਕ ਵਿਕਣ ਵਿੱਚ ਮੁਸ਼ਕਿਲ ਆ ਰਹੀ ਹੈ ਅਤੇ ਇਸ ਸਾਲ ਕਣਕ ਦੀ ਵਾਢੀ ਤਕਰੀਬਨ 7 ਤੋਂ 10 ਦਿਨ ਦੇਰੀ ਨਾਲ ਚੱਲ ਰਹੀ ਹੈ। ਪਿਛਲੇ ਸਾਲਾਂ ਦੌਰਾਨ 10 ਅਪ੍ਰੈਲ ਤੱਕ ਕਣਕ ਦੀ ਵਾਢੀ ਦਾ ਜ਼ੋਰ ਪੈ ਜਾਂਦਾ ਸੀ ਪਰ ਐਤਕੀਂ ਕਣਕ ਦੀ ਵਾਢੀ ਦਾ ਕੰਮ ਲੇਟ ਸ਼ੁਰੂ ਹੋਇਆ। ਜਿਨ੍ਹਾਂ ਇਲਾਕਿਆਂ ਵਿੱਚ ਬਾਰਿਸ਼ ਅਪ੍ਰੈਲ ਪਹਿਲੇ ਅਤੇ ਦੂਜੇ ਹਫਤੇ ਨਾ ਮਾਤਰ ਹੀ ਪਈ ਹੈ, ਉਥੇ ਕਣਕ ਦੀ ਵਾਢੀ ਦਾ ਕੰਮ 70 ਫੀਸਦੀ ਤੋਂ ਉੱਪਰ ਮੁਕੰਮਲ ਹੋ ਚੁੱਕਾ ਹੈ। ਰਾਹਤ ਵਾਲੀ ਗੱਲ ਇਹ ਹੈ ਕਿ ਇਸ ਵਾਰ ਕਣਕ ਦਾ ਭਰਪੂਰ ਝਾੜ ਨਿਕਲ ਰਿਹਾ ਹੈ। ਸੂਬੇ ਵਿੱਚ ਕਈ ਥਾਵਾਂ ’ਤੇ ਬੇਮੌਸਮੀ ਬਾਰਿਸ਼ ਅਤੇ ਗੜ੍ਹੇਮਾਰੀ ਹੋਣ ਦੇ ਬਾਵਜੂਦ ਸੂਬੇ ਵਿੱਚ ਕਣਕ ਦੀ ਪੈਦਾਵਾਰ ਵੱਧ ਹੋਵੇਗੀ। ਸੂਬੇ ਵਿੱਚ ਐਤਕੀਂ ਮੌਸਮ ਵਿੱਚ ਨਮੀਂ ਦੀ ਮਾਤਰਾ ਜ਼ਿਆਦਾ ਹੋਣ ਕਾਰਨ ਅਤੇ ਰਾਤ ਦਾ ਤਾਪਮਾਨ ਠੰਢਾ ਰਹਿਣ ਕਾਰਨ ਕਣਕ ਦਾ ਝਾੜ 60 ਮਣ ਪ੍ਰਤੀ ਏਕੜ ਤੋਂ ਵੱਧ ਨਿਕਲ ਰਿਹਾ ਹੈ। ਕਣਕ ਦੇ ਨਵੇਂ ਵਿਕਸਿਤ ਬੀਜਾਂ ਦਾ ਝਾੜ ਤਾਂ 65 ਤੋਂ 70 ਮਣ ਪ੍ਰਤੀ ਏਕੜ ਤੱਕ ਨਿਕਲਣ ਦੀ ਜਾਣਕਾਰੀ ਮਿਲ ਰਹੀ ਹੈ। ਅਨਾਜ ਮੰਡੀ ਮੂਣਕ ਵਿਖੇ ਕਣਕ ਵੇਚਣ ਆਏ ਪਿੰਡ ਕੜੈਲ ਦੇ ਕਿਸਾਨ ਅਮਰੀਕ ਸਿੰਘ ਨੇ ਦੱਸਿਆ ਕਿ ਉਸ ਨੇ 826 ਕਿਸਮ ਦੀ ਬਿਜਾਈ ਕੀਤੀ ਸੀ, ਜਿਸ ਦਾ ਝਾੜ 68 ਮਣ ਪ੍ਰਤੀ ਏਕੜ ਤੋਂ ਵੱਧ ਨਿਕਲਿਆ। ਇਸੇ ਤਰ੍ਹਾਂ ਅਨਾਜ ਮੰਡੀਆਂ ਵਿੱਚ ਕਣਕ ਵੇਚਣ ਆਏ ਹੋਰ ਕਿਸਾਨਾਂ ਨੇ ਦੱਸਿਆ ਕਿ ਐਤਕੀਂ ਕਣਕ ਦਾ ਝਾੜ 65 ਮਣ ਪ੍ਰਤੀ ਏਕੜ ਦੇ ਕਰੀਬ ਨਿਕਲ ਰਿਹਾ ਹੈ। ਜਿਸ ਇਲਾਕੇ ਵਿੱਚ ਗੜ੍ਹੇਮਾਰੀ ਅਤੇ ਤੇਜ਼ ਹਵਾਵਾਂ ਨੇ ਕਣਕ ਦੀ ਫ਼ਸਲ ਪ੍ਰਭਾਵਿਤ ਕੀਤੀ ਹੈ, ਉੱਥੇ ਕਣਕ ਦਾ ਝਾੜ ਵੀ ਨੁਕਸਾਨ ਦੇ ਮੁਤਾਬਿਕ ਪ੍ਰਭਾਵਿਤ ਹੋਇਆ ਹੈ। ਕਣਕ ਦੇ ਵੱਧ ਝਾੜ ਨਿਕਲਣ ਸੰਬੰਧੀ ਬਲਾਕ ਖੇਤੀਬਾੜੀ ਅਫਸਰ ਸਤਿੰਦਰ ਸਿੰਘ ਨੇ ਦੱਸਿਆ ਕਿ ਮਾਰਚ ਮਹੀਨੇ ਰਾਤ ਦਾ ਤਾਪਮਾਨ ਘੱਟ ਹੋਣ ਕਾਰਨ ਅਤੇ ਕਿਸਾਨਾਂ ਵੱਲੋਂ ਮਿਆਰੀ ਅਤੇ ਨਵੀਆਂ ਕਿਸਮਾਂ ਦੀ ਬਿਜਾਈ ਕਾਰਨ ਕਣਕ ਦਾ ਝਾੜ ਖੇਤੀਬਾੜੀ ਯੂਨੀਵਰਸਿਟੀ ਦੀ ਉਮੀਦ ਮੁਤਾਬਿਕ ਨਿਕਲ ਰਿਹਾ ਹੈ। ਇਸ ਸਾਲ ਸੂਬੇ ਵਿੱਚ 35.8 ਲੱਖ ਹੈਕਟੇਅਰ ਰਕਬੇ ਵਿੱਚ ਕਣਕ ਦੀ ਬਿਜਾਈ ਕੀਤੀ ਗਈ ਹੈ। ਕਣਕ ਦੀ ਪੈਦਾਵਾਰ ਪਿਛਲੇ ਸਾਲ ਨਾਲੋਂ 10 ਤੋਂ 15 ਫੀਸਦੀ ਵੱਧ ਹੋਣ ਦੀ ਸੰਭਾਵਨਾ ਹੈ। ਮੌਸਮ ਵਿਭਾਗ ਵੱਲੋਂ ਅਗਲੇ ਦਿਨਾਂ ਵਿੱਚ ਵੀ ਬੇਮੌਸਮੀ ਬਾਰਿਸ਼ ਅਤੇ ਝੱਖੜ ਵਗੈਰਾ ਆਉਣ ਦੀ ਭਵਿੱਖਬਾਣੀ ਨਾਲ ਕਿਸਾਨਾਂ ਵਿੱਚ ਘਬਰਾਹਟ ਪਾਈ ਜਾ ਰਹੀ ਹੈ। ਖੇਤੀਬਾੜੀ ਵਿਭਾਗ ਅਨੁਸਾਰ ਸੂਬੇ ਵਿੱਚ ਐਤਕੀਂ 17 ਤੋਂ 18 ਮਿਲੀਅਨ ਟਨ ਕਣਕ ਦੀ ਪੈਦਾਵਾਰ ਹੋਣ ਦੀ ਸੰਭਾਵਨਾ ਹੈ, ਜਿਸ ਵਿੱਚੋਂ 12 ਤੋਂ 13 ਮਿਲੀਅਨ ਟਨ ਕਣਕ ਕੇਂਦਰੀ ਪੂਲ ਲਈ ਖਰੀਦ ਹੋਣ ਦੀ ਸੰਭਾਵਨਾ ਹੈ। ਸੂਬੇ ਵਿੱਚ ਖਰੀਦ ਏਜੰਸੀਆਂ ਨੇ 132 ਲੱਖ ਟਨ ਕਣਕ ਦੀ ਖਰੀਦਣ ਦੇ ਪ੍ਰਬੰਧ ਕੀਤੇ ਹਨ। ਸੂਬੇ ਵਿੱਚ ਜੇਕਰ ਅਗਲੇ 15 ਦਿਨ ਮੌਸਮ ਠੀਕ ਰਹਿੰਦਾ ਹੈ ਤਾਂ ਇਹ ਕਿਸਾਨਾਂ ਅਤੇ ਸਰਕਾਰਾਂ ਲਈ ਬਹੁਤ ਵੱਡੀ ਰਾਹਤ ਹੋਵੇਗੀ।



ਅੰਮ੍ਰਿਤਸਰ ਦੇ ਪਿੰਡ ਨੌਸ਼ਹਿਰਾ ਖੁਰਦ ਵਿੱਚ ਮੀਂਹ ਕਾਰਨ ਨੁਕਸਾਨੀ ਕਣਕ ਦੇਖ ਕੇ ਝੂਰਦਾ ਹੋਇਆ ਕਿਸਾਨ।

# ਖਰਾਬ ਮੌਸਮ ਨੇ ਕਿਸਾਨ ਫ਼ਿਕਰਾਂ ਵਿੱਚ ਪਾਏ

ਪੰਜਾਬ ਵਿੱਚ ਕਣਕ ਦੀ ਫ਼ਸਲ ਪੱਕ ਕੇ ਤਿਆਰ ਹੈ ਅਤੇ ਵਾਢੀ ਦਾ ਕੰਮ ਜ਼ੋਰਾਂ ’ਤੇ ਚੱਲ ਰਿਹਾ ਹੈ। ਅਜਿਹੇ ਮੌਕੇ ਪੰਜਾਬ ਵਿੱਚ ਖਰਾਬ ਮੌਸਮ ਕਰਕੇ ਕਿਸਾਨਾਂ ਦੇ ਸਾਹ ਸੁੱਕਣ ਲੱਗ ਰਹੇ ਹਨ। ਸੂਬੇ ਭਰ ਵਿੱਚ ਹੋਈ ਬੱਦਲਵਾਈ ਅਤੇ ਚੱਲ ਰਹੀਆਂ ਤੇਜ਼ ਹਵਾਵਾਂ ਨੇ ਕਿਸਾਨਾਂ ਦੀ ਚਿੰਤਾ ਵਧਾਈ ਹੋਈ ਸੀ। ਅੱਜ ਦਿਨ ਸਮੇਂ ਪੰਜਾਬ ਦੇ ਇੱਕ ਦਰਜਨ ਦੇ ਕਰੀਬ ਸ਼ਹਿਰਾਂ ਵਿੱਚ ਤੇਜ਼ ਹਵਾਵਾਂ ਚੱਲਣ ਦੇ ਨਾਲ-ਨਾਲ ਟੁੱਟਵਾਂ ਮੀਂਹ ਪਿਆ ਹੈ। ਮੀਂਹ ਕਰਕੇ ਖੇਤਾਂ ਵਿੱਚ ਪੱਕੀ ਫ਼ਸਲ ਤੇ ਖਰੀਦ ਕੇਂਦਰਾਂ ਵਿੱਚ ਪਹੁੰਚੀ ਕਣਕ ਭਿੱਜ ਗਈ ਹੈ। ਮੀਂਹ ਕਾਰਨ ਸੂਬੇ ਵਿੱਚ ਕਣਕ ਦੀ ਵਾਢੀ ਦਾ ਕੰਮ ਪ੍ਰਭਾਵਿਤ ਹੋਇਆ ਹੈ। ਮੀਂਹ ਨੇ ਕਿਸਾਨਾਂ ਦੀਆਂ ਮੁਸ਼ਕਿਲਾਂ ਵਧਾ ਦਿੱਤੀਆਂ ਹਨ।







- ਜ਼ਮੀਨ ਦੀ ਉਪਜਾਊ ਸ਼ਕਤੀ ਘੱਟਦੀ ਹੈ।
- ਬਹੁਤ ਸਾਰੀਆਂ ਪ੍ਰਜਾਤੀਆਂ ਦੇ ਮਿੱਤਰ ਕੀੜੇ ਮਰ ਜਾਂਦੇ ਹਨ।
- ਫਸਲਾਂ ਨੂੰ ਵੱਧ ਬਿਮਾਰੀਆਂ ਲੱਗਦੀਆਂ ਹਨ ਜਿਸਨੂੰ ਕਾਬੂ ਕਰਨ ਲਈ ਜ਼ਿਆਦਾ ਜ਼ਹਿਰਾਂ ਦਾ ਛਿੜਕਾਅ ਕਰਨਾ ਪੈਂਦਾ ਹੈ। ਇਹ ਜ਼ਹਿਰਾਂ ਵਾਤਾਵਰਨ ਨੂੰ ਹੋਰ ਵੀ ਵਧੇਰੇ ਪਲੀਤ ਕਰਦੀਆਂ ਹਨ।
- ਵਾਤਾਵਰਨ ਵਿੱਚ ਫੈਲਦਾ ਜ਼ਹਿਰੀਲਾ ਧੂੰਆਂ ਅੱਖਾਂ ਅਤੇ ਫੇਫੜਿਆਂ ਦੀਆਂ ਗੰਭੀਰ ਬਿਮਾਰੀਆਂ ਕਾਰਨ ਬਣਦਾ ਹੈ।

## ਕਣਕ ਦੇ ਨਾੜ ਨੂੰ ਅੱਗ ਲਗਾਉਣ ਦੇ ਨੁਕਸਾਨ